੧ ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

ਰਾਮ ਨਾਮੁ ਨਿਤ ਰਸਨ ਬਖਾਨ

ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿਨਾਮੁ ਜਪਹੁ ਜਪੁ ਰਸਨਾ ॥

# ਉਚਰਹੁ ਰਾਮ ਨਾਮੁ ਲਖ ਬਾਰੀ

ਨਾਮ ਸਿਮਰਨ ਦੁਆਰਾ

## ਵਾਹਿਗੁਰੂ ਨਾਲ ਮਨ ਜੋੜਨ ਦੇ ਸਾਧਨ

[ਨਿਰਮੋਲ ਰਤਨ ਨੰ: ੩]

## ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਦੀ ਅਗਾਧ ਰਤਨ ਭਰਪੂਰ ਰਚਨਾ ਵਿਚੋਂ

ਸੰਖੇਪ ਸੰਕਲਤ ਕੁਝ ਅਮੋਲ ਰਤਨ

ਸਰਦਾਰਨੀ ਗਿਆਨ ਕੌਰ ਜੀ,

**20—A** ਔਰੰਗਜ਼ੇਬ ਰੋਡ, ਨਵੀਂ ਦਿੱਲੀ ਵਲੋਂ

ਆਪਣੇ ਗੁਰਪੁਰਵਾਸੀ ਪਤੀ ਸ: ਸਾਹਿਬ ਅਰਜਨ ਸਿੰਘ ਜੀ ਦੀ

ਸਤਿਕਾਰ-ਭਰੀ ਯਾਦ ਵਿਚ

ਪ੍ਰਚਾਰ ਅਰਥ ੫੦੦ ਕਾਪੀ ਸਾਧ ਸੰਗਤ ਦੀ ਭੇਟਾ

ਪ੍ਰਕਾਸ਼ਕ

**ਭਾਈ ਸਾਹਿਬ ਵੀਰ ਸਿੰਘ ਸਟੱਡੀ ਸਰਕਲ**

੯੧ ਸੀ, ਡੀਫੈਂਸ ਕਾਲੋਨੀ, ਨਵੀਂ ਦਿੱਲੀ-੨੪

# ਰਤਨ ਸੂਚੀ


| | | |
|---|---|---|
| | ਭੂਮਿਕਾ | ੧ |
| ੧. | ਜਿਹਬਾ ਦਾ ਜਪ ਤੇ ਮਨ ਦਾ ਸਿਮਰਨ | ੪ |
| ੨. | ਨਾਮ ਜਪੋ, ਨਾਮ ਵਿਚ ਭਾਵਨਾ ਧਾਰਕੇ | ੮ |
| ੩. | ਹਜ਼ੂਰੀ ਦਾ ਭਜਨ, ਪਾਠ | ੧੮ |
| ੪. | ਨਾਮ ਸਿਮਰਨ ਮਨ ਦੇ ਰੋਗਾਂ ਦਾ ਦਾਰੂ | ੨੨ |
| ੫. | 'ਵਾਹਿਗੁਰੂ' ਨਾਮ ਦਾ ਮਰਮੀ ਅਰਥ ਤੇ ਸੁਆਮੀ ਨਿਤਜਾਨੰਦ ਉਦਾਸੀ ਦਾ ਬਿਆਨ | ੨੪ |
| ੬. | ਵਾਹਿਗੁਰੂ ਨਾਮ ਦੀ ਮਹੱਤਤਾ | ੨੯ |
| ੭. | ਗੁਰੂ ਦੱਸੀ ਨਿੱਤ ਕਾਰ ਦਾ ਅਸਰ | ੩੨ |
| ੮. | ਜਪ ਸਫਲਤਾ ਸਹਾਇਕ ਕੁਝ ਖਿਆਲ | ੩੬ |
| ੯. | ਨਾਮ ਜਪ ਤੋਂ ਨਾਮ ਨਿਵਾਸ | ੩੭ |



| | |
|---|---|
| ਪਹਿਲੀ ਵਾਰ | ੧੦੦੦ |
| ਦੂਜੀ ਵਾਰ | ੧੦੦੦੦ |
| ਤੀਜੀ ਵਾਰ | ੫੦੦੦ |

# ਭੂਮਿਕਾ

ਸਾਡਾ ਮਨ ਦਿਨ ਰਾਤ, ਕਿਸੇ ਨਾ ਕਿਸੇ ਰੂਪ ਵਿਚ, ਮਾਇਕ ਧਾਵਨਾ ਵਿਚ ਹੈ। ਇਸ ਨੂੰ ਆਪਣੇ ਘਰ, ਆਪਣੇ ਸਰੂਪ ਦੀ ਸੋਝੀ ਹੀ ਨਹੀਂ ਆਉਂਦੀ, ਇਸੇ ਧਾਵਨਾ ਵਿਚ ਰੁੱਝਿਆਂ ਇਸ ਦਾ ਰੁਖ਼ ਕਿਵੇਂ ਵਾਹਿਗੁਰੂ ਜੀ ਵੱਲ ਲੱਗਾ ਰਹੇ ਮਾਇਕ ਪਸਾਰੇ ਵਿਚ ਵਿਚਰਦਿਆਂ ? ਇਸ ਦਾ ਸਫਲ ਸਾਧਨ 'ਨਾਮ ਸਿਮਰਨ' ਹੈ। ਰਸਨਾ ਦਾ ਜਪ, ਨਾਮ ਦਾ ਉਚਾਰ, ਬਾਹਰ ਧਾਂਵਦੇ ਮਨ ਨੂੰ ਮਾਨੋਂ ਵਾਜਾਂ ਮਾਰ ਮਾਰ ਕੇ ਘਰ ਬੁਲਾਉਂਦਾ ਹੈ, 'ਮਾਇਆ ਬਿਸਮਾਦ' ਵਿਚ ਸੁੱਤੇ ਮਨ ਨੂੰ ਵਾਜਾਂ ਮਾਰ ਮਾਰਕੇ ਆਤਮ ਜਾਗ ਵਿਚ ਲਿਆਉਂਦਾ ਹੈ :

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥

---

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥

ਜੀਭਾ ਦਾ ਜਪ ਮਨ ਦੇ ਧਿਆਨ ਨੂੰ ਜਪ ਦੇ ਲਖਸ਼, ਉਚਾਰ ਦੇ ਭਾਵ ਵਲ ਲਿਆਉਂਦਾ ਹੈ ਤੇ ਵਾਹਿਗੁਰੂ ਜੀ ਦੀ 'ਹੈ' ਮਨ ਵਿਚ ਵਸਦੀ ਹੈ। ਇਸ ਤਰ੍ਹਾਂ ਜਿਹਬਾ ਦਾ ਨਾਮ ਜਪ, ਵਾਹਿਗੁਰੂ ਦੀ ਯਾਦ, ਮਨ ਵਿਚ ਵਾਹਿਗੁਰੂ ਜੀ ਦਾ ਸਿਮਰਨ ਬਣਦਾ ਹੈ। ਇਸ ਜਪ, ਸਿਮਰਨ ਦੇ ਅਭਿਆਸ ਨਾਲ ਵਾਹਿਗੁਰੂ ਜੀ ਦੀ 'ਹੈ' ਦਾ ਭਾਵ ਮਨ ਦੇ ਹੇਠਲੇ ਪਰਤ (Sub-concious mind) ਵਿਚ ਜਾਂਦਾ, ਅਭੁੱਲ ਤੇ ਲਗਾਤਾਰੀ ਹੋ ਜਾਂਦਾ ਹੈ। ਲਗਾਤਾਰੀ ਯਾਦ ਪ੍ਰੇਮ ਦਾ ਹੀ ਇਕ ਸਰੂਪ ਹੈ।

ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ
ਪ੍ਰਬਲ ਭਈ ਆਨ ਬਿਖੈ ਜਰੀ ॥.................... ........
ਗੁਨ ਗੋਪਾਲ ਉਚਰੁ ਰਸਨਾ ਟੇਵ ਏਹ ਪਰੀ ॥

ਸੋ ਵਾਹਿਗੁਰੂ ਜੀ ਦੀ ਯਾਦ, 'ਹੈ', ਮਨ ਵਿਚ ਵਸਾਇਆਂ, ਨਾਮ ਸਿਮਰਨ ਨਾਲ, ਵਾਹਿਗੁਰੂ ਜੀ ਨਾਲ ਪਿਆਰ ਉਪਜਦਾ ਤੇ ਮਉਲਦਾ ਹੈ, ਤੇ ਲਿਵ ਲਗਦੀ ਹੈ ਅਰੂਪ, ਪ੍ਰੇਮ ਸਰੂਪ ਕਰਤਾਰ ਨਾਲ। ਇਹ ਪ੍ਰੇਮ ਪਦਾਰਥ ਪ੍ਰਾਪਤ ਹੁੰਦਾ ਹੈ ਵਾਹਿਗੁਰੂ ਜੀ ਦੀ 'ਨਦਰ ਕਰਮ' ਨਾਲ, ਸਤਿਸੰਗ ਨਾਲ, ਗੁਰਬਾਣੀ ਦੇ ਭਾਵ, ਵਾਹਿਗੁਰੂ ਜੀ ਦੀ ਸਿਫ਼ਤ ਸਲਾਹ, ਗੁਣ, ਸਰੂਪ, ਸ਼ੁਕਰ, ਬੇਨਤੀ, ਬਿਰਹਾ, ਖਿੱਚ ਆਦਿ ਦੇ ਭਾਵ ਨਾਲ ਸਿਮਰਨ ਦੁਆਰਾ। ਸਿਮਰਨ ਮਿਹਰ ਹੀ ਤਾਂ ਹੈ :–

ਜਾਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥
ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ
ਸੰਗਾਤ ॥

ਇਸ ਪ੍ਰੀਤ ਤੇ ਉਪਜਿਆਂ ਤੇ ਪ੍ਰਬਲ ਹੋਇਆਂ ਮਨ ਸਹਿਜੇ ਹੀ ਮਾਇਆ ਵਿਚ ਨਿਰਲੇਪ ਵਿਚਰਦਾ ਹੈ :–

"ਨਾਮੇ ਪ੍ਰੀਤਿ ਨਾਰਾਇਣ ਲਾਗੀ ॥ ਸਹਜ ਸੁਭਾਇ
ਭਇਓ ਬੈਰਾਗੀ।" ——

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥"

ਨਾਮ ਦੇ ਜਪਣ ਨਾਲ, (ਤੇ) ਸ਼ਬਦ ਵਿਚ ਸੁਰਤ (ਲਾਈ ਰਖਣ ਨਾਲ)ਮਾਇਆ ਵਿਚ ਨਿਰਲੇਪ ਰਹਿੰਦੇ ਭਵ ਸਾਗਰ ਤਰ ਜਾਈਦਾ ਹੈ।

ਵਾਹਿਗੁਰੂ ਜੀ ਦੇ ਪ੍ਰੇਮ ਨਾਲ, ਗੁਰ ਸਬਦ ਦੀ ਕਮਾਈ, ਨਾਮ ਸਿਮਰਨ ਨਾਲ ਹਉਮੈ ਦੇ ਹਟਿਆਂ ਅਨੁਭਵ ਤੇ ਯਥਾਰਥ ਗਿਆਨ ਦੇ ਪ੍ਰਕਾਸ਼ ਨਾਲ, ਆਪਣੇ ਆਤਮ ਸਰੂਪ ਤੇ ਪਰਮਾਤਮ ਸਰੂਪ ਦੀ ਲੱਖਤਾ ਹੋ ਆਉਂਦੀ ਹੈ।

ਰਸਨਾ ਦੇ ਰਟਨ ਤੋਂ ਪਰਮਾਤਮ ਪ੍ਰਾਪਤੀ ਤਕ ਨਾਮ ਦੇ ਸਾਧਨ ਤੇ ਸਿੱਧੀ ਨੂੰ ਸੁਖੇਨ ਸਮਝਣ ਲਈ ਗੁਰਮੁਖ ਪਿਆਰੇ ਸ੍ਰੀ ਭਾਈ ਸਾਹਿਬ ਭਾਈ ਵੀਰ ਸਿੰਘ ਜੀਓ ਦੀ ਅਮੋਲਕ ਰਚਨਾ ਬਹੁਤ ਹੀ ਲਾਭਦਾਇਕ ਤੇ ਸਹਾਇਕ ਹੈ।

ਇਸ ਗੁਰਮਤ-ਗਿਆਨ ਭਰਪੂਰ ਤੇ ਰਸਾਲ ਰਚਨਾ ਵਿਚੋਂ ਉਪਰਲੇ ਭਾਵ ਦੇ ਕੁਝ ਐਕਸਟ੍ਰੈਕਸ ਸੰਖੇਪ ਰੂਪ ਵਿਚ ਇਸ ਛੋਟੇ ਜਿਹੇ ਟ੍ਰੈਕਟ ਵਿਚ ਇਕੱਤ੍ਰ ਕੀਤੇ ਹਨ, ਜੋ ਕਿ ਆਸ ਹੈ ਕਿ ਪਾਠਕਾਂ ਲਈ ਲਾਭਵੰਦ ਤੇ ਰਸਦਾਇਕ ਹੋਣਗੇ।

ਹਰਭਜਨ ਸਿੰਘ (ਡਾਕਟਰ)
F.R.C.S.
ਪ੍ਰਧਾਨ, ਭਾਈ ਸਾਹਿਬ ਵੀਰ ਸਿੰਘ ਸਟੱਡੀ ਸਰਕਲ,
N-੨੪੨, ਗ੍ਰੇਟਰ ਕੈਲਾਸ਼ ੧, ਨਵੀਂ ਦਿਲੀ—੪੮

# ੧. ਜਿਹਬਾ ਦਾ ਜਪ ਤੇ ਮਨ ਦਾ ਸਿਮਰਨ

(ਗੁਰੂ ਨਾਨਕ ਚਮਤਕਾਰ— 'ਭਾਈ ਝੰਡਾ ਜੀਓ' ਪ੍ਰਸੰਗ ਵਿਚੋਂ—ਸਫ਼ਾ ੨੭੩)

ਗੁਰੂ ਜੀ–ਕਦੇ ਮੁੰਡੇ ਪੜ੍ਹਦੇ ਡਿੱਠੇ ਨੀ ! ਇਕ ਇਕ ਪਦ ਨੂੰ ਕਿੰਨੀ ਕਿੰਨੀ ਵਾਰੀ ਘੋਖਦੇ ਹਨ। ਘੋਖਦਿਆਂ ਘੋਖਦਿਆਂ ਉਹ ਪਦ, ਉਸ ਦਾ ਅਰਥ ਉਨ੍ਹਾਂ ਦੇ ਚੇਤੇ ਵਿਚ ਬੈਠਦਾ, ਹੇਠਾਂ ਚਿਤ ਵਿਚ ਲਹਿ ਜਾਂਦਾ ਹੈ, ਫਿਰ ਕਦੇ ਨਹੀਂ ਭੁੱਲਦਾ। ਸੋ ਕਿਸੇ ਗੱਲ ਨੂੰ ਘੜੀ ਮੁੜੀ ਚੇਤੇ ਵਿਚ ਵਸਾਉਂਦਿਆਂ ਉਹ ਅੰਦਰ ਘਟ ਵਿਚ, ਦਿਲ ਦੇ ਹੇਠਲੇ ਪਰਤ ਵਿਚ ਬੈਠ ਕੇ ਪੱਕੀ ਹੋ ਜਾਂਦੀ ਹੈ। ਉਹੋ ਸਾਡਾ ਗਿਆਨ ਹੈ ਤੇ ਉਹੋ ਸੁਖ ਦੇਂਦਾ ਹੈ। ਸੋ ਜੋ ਗੱਲ ਇਕੋ ਵਾਰੀ ਸੁਣ ਕੇ ਚੇਤੇ ਵਿਚ ਨਹੀਂ ਵੱਸ ਜਾਂਦੀ, ਉਸ ਨੂੰ ਜੀਭ ਨਾਲ ਦੁਹਰਾਈਦਾ ਹੈ, ਘੜੀ ਮੁੜੀ ਉਚਾਰੀਦਾ ਹੈ, ਰਟਨ ਕਰੀਦਾ ਹੈ, ਉਹ ਫਿਰ ਚੇਤੇ ਵਿਚ ਵੱਸਦੀ ਹੈ। ਭਾਵ ਇਹ ਕਿ ਚੇਤੇ ਵਿਚ ਕਿਸੇ ਸ਼ੈ ਨੂੰ ਵਸਾਉਣ ਲਈ ਉਸ ਦਾ ਬਾਰ ਬਾਰ ਰਟਨ ਕਰਨਾ ਸਹਾਈ ਹੁੰਦਾ ਹੈ, ਜਿਵੇਂ ਤੈਨੂੰ ਦੱਸਿਆ ਸੀ ਕਿ ਚੇਤੇ ਵਿਚ ਕਿਸੇ ਗੱਲ ਨੂੰ ਬਾਰ ਬਾਰ ਵਸਾਇਆਂ ਉਹ ਗੱਲ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਵਸ ਜਾਂਦੀ ਹੈ। ਸੋ ਪਰਤੱਖ ਹੈ ਕਿ ਚੇਤੇ ਵਿਚ ਵਸਾਉਣ ਲਈ ਬਹੁਤ ਵੇਰੀ ਸਾਨੂੰ ਰਸਨਾ ਦੇ ਰਟਨ ਤੋਂ ਸਹਾਇਤਾ ਮਿਲ ਜਾਂਦੀ ਹੈ। ਇਹ ਗੱਲ ਕਿ ਰਟਨ ਨਾਲ–ਬਾਰ

ਬਾਰ ਉਚਾਰਨ ਨਾਲ-ਜਪਣ ਨਾਲ, ਚੇਤੇ ਵਿਚ, ਯਾਦ ਵਿਚ, ਸਿਮਰਨ ਵਿਚ ਗੱਲ ਵੱਸ ਜਾਂਦੀ ਹੈ, ਪ੍ਰਤੱਖ ਹੈ। ਸਾਡੇ ਮਨ ਦੀ ਅੰਦਰਲੀ ਕਲਾ ਦੀ ਬਨਾਵਟ ਐਸੀ ਹੈ ਤੇ ਹਰ ਕੋਈ ਸਮਝਦਾ ਹੈ। ਜਿਤਨੇ ਵਿਦਵਾਨ ਹਨ ਸਭ ਨੇ ਵਿਦਯਾ ਇਸੇ ਤਰ੍ਹਾਂ ਰਟ ਰਟ ਤੇ ਯਾਦ ਕਰ ਕਰਕੇ ਅੰਦਰ ਵਸਾਈ ਹੈ। ਸੋ ਭੌਂਡਿਆ! ਜੇ ਤੌਖਲਾ ਹੋਵੇ ਕਿ 'ਸਾਂਈਂ ਦੀ ਹੋਂਦ' ਸਾਡੀ ਯਾਦ ਵਿਚ ਲਗਾਤਾਰੀ ਨਿਵਾਸ ਨਹੀਂ ਕਰੇਗੀ, ਤਾਂ ਸਾਂਈਂ ਦਾ 'ਨਾਮ' ਰਸਨਾ ਤੇ ਬਿਠਾਕੇ ਜਪ ਕਰੀਏ, ਰਟਨ ਕਰੀਏ, ਬਾਰ ਬਾਰ ਉਚਾਰੀਏ। ਇਸ ਰਸਨਾ ਦੇ ਅੱਭਿਆਸ ਨਾਲ, ਇਸ ਜੀਭ ਨਾਲ ਨਾਮ ਜਪਣ ਨਾਲ, ਸਾਂਈਂ ਦੀ ਹੋਂਦ ਯਾਦ ਵਿਚ ਵੱਸ ਜਾਏਗੀ, ਯਾਦ ਵਿਚੋਂ ਕਿਸੇ ਵੇਲੇ ਨਾ ਨਿਕਲਣ ਦੇਣ ਨਾਲ ਇਹ ਭਾਵ ਚਿੱਤ ਵਿਚੋਂ ਮਨ ਦੇ ਹੇਠਲੇ ਪਰਤ ਵਿਚ ਲਗਾਤਾਰੀ ਰੰਗ ਵਿਚ ਟਿਕ ਜਾਏਗਾ।

ਭੌਂਡਾ ਸਾਹ ਘੁੱਟ ਘੁੱਟ ਕੇ, ਸਾਰਾ ਧਿਆਨ ਲਾ ਲਾ ਕੇ ਸਮਝ ਰਿਹਾ ਸੀ। ਹੁਣ ਇਕ ਲੰਮਾ ਸਾਹ ਲੈ ਕੇ ਤੇ 'ਉਫ' ਜਿਹੀ ਮੱਧਮ ਅਵਾਜ਼ ਕਰ ਕੇ ਆਖਣ ਲੱਗਾ:-ਸੁਆਦ ਆ ਗਿਆ ਹੈ, ਸਮਝ ਪੈ ਗਿਆ ਹੈ, ਜੇ ਆਪ ਮੂਰਖ ਨੂੰ ਸਮਝਾਉਂਦੇ ਥੱਕ ਨਾ ਗਏ ਹੋਵੋ ਤਾਂ ਇਕ ਗੱਲ ਹੋਰ ਸਮਝਾ ਦਿਓ! ਇਹ ਤਾਂ ਡਾਢਾ ਸੁਹਣਾ ਸਮਝ ਪੈ ਗਿਆ ਹੈ ਕਿ ਸਾਂਈਂ ਦੀ 'ਹੋਂਦ' ਸਾਡੀ ਯਾਦ ਵਿਚ ਹਰ ਛਿਨ ਵੱਸੇ, ਜੇ ਐਉਂ ਮਨ ਦੀ ਸੂਖਮ ਗਤੀ ਵਿਚ ਯਾਦ, ਅਰਥਾਤ ਸਾਂਈਂ ਦੀ ਹੋਂਦ ਦੀ 'ਯਾਦ' ਲਗਾਤਾਰੀ ਹੋ ਕੇ ਨਾ ਵੱਸੇ, ਭੁੱਲ ਭੁੱਲ ਜਾਵੇ, ਮੁੜ ਮੁੜ ਚੇਤੇ ਆਵੇ, ਮੁੜ ਮੁੜ ਭੁੱਲ ਭੁੱਲ ਜਾਵੇ, ਤਾਂ ਸਾਂਈਂ ਦਾ ਨਾਮ ਰਸਨਾ ਨਾਲ ਜਪੇ। ਇਹ ਅੱਭਿਆਸ 'ਸਾਂਈਂ ਦੀ ਹੋਂਦ ਦੇ ਭਾਵ' ਨੂੰ ਯਾਦ ਵਿਚ ਲਗਾਤਾਰੀ ਕਰ ਦੇਵੇਗਾ। ਡਾਢਾ ਸੁਆਦ ਆਇਆ ਹੈ। ਲੋਕੀਂ ਜੋ ਹੁੱਜਤਾਂ ਘੜਿਆ ਕਰਦੇ ਹਨ, ਵਿਚਾਰ ਨਹੀਂ ਕਰਦੇ। ਮੇਰੇ ਜਿਹੇ ਮੂਰਖਾਂ ਨੂੰ ਨਾਮ ਜਪਣ ਨਾਲ ਨਾਮ-ਸਿਮਰਨ ਪ੍ਰਾਪਤ ਹੋਵੇਗਾ, ਇਹੋ ਦੱਸਿਆ ਜੇ ਨਾ?

(ਸਿਰ ਹਿਲਾਕੇ ਤੇ ਤੱਕ ਕੇ ਚਿਹਰੇ ਵਲ, ਜਿੱਧਰੋਂ 'ਹਾਂ' ਦਾ ਇਸ਼ਾਰਾ ਜਾਪਦਾ ਸੀ) ਕਿ ਸਿਮਰਣ ਨਾਲ ਪਰਮੇਸ਼ੁਰ ਦੀ ਹੋਂਦ ਦਾ ਭਾਵ ਚਿਤ ਵਿਚ ਟਿਕ ਜਾਏਗਾ । ਮੈਂ ਐਉਂ ਸਮਝਿਆ ਹੈ ਕਿ ਫਿਰ ਉਠਦਿਆਂ, ਬਹਿੰਦਿਆਂ, ਟੁਰਦਿਆਂ, ਸੁੱਤਿਆਂ ਹਰ ਵੇਲੇ 'ਹੈ ਦਾ ਭਾਵ' ਇਕ ਲਗਾਤਾਰੀ ਭਾਵ ਅੰਦਰ ਰਹੇਗਾ । ਭਲਾ ਜੀ, ਫੇਰ ਕੰਮ ਕਾਜ ਤੇ ਹੋਰ ਰੁਝੇਵੇਂ ਤਾਂ ਉਧਰੋਂ ਨਹੀਂ ਉਕਾ ਦੇਣਗੇ ?

ਗੁਰੂ ਜੀ–ਝੰਡਿਆ ! ਜਦ ਮਨ ਦੇ ਦੂਸਰੇ ਤਬਕ ਵਿਚ, ਸੰਸਕਾਰੀ ਮਨ ਵਿਚ, (ਮਨ ਦਾ ਉਹ ਹਿੱਸਾ, ਜਿਸ ਵਿਚ ਸੰਸਕਾਰ ਰਹਿੰਦੇ ਹਨ) ਨਾਮ ਵੱਸ ਜਾਵੇਗਾ ਤਦ ਫਿਰ ਕੰਮ ਕਾਜ ਤਾਂ ਸਾਡਾ ਉਪਰਲਾ ਮਨ ਕਰਦਾ ਹੈ ਨਾ, ਉਹ ਪਿਆ ਕਰੇਗਾ, ਪਰ ਉਸਦੇ ਅੰਦਰ ਨਾਮ ਦਾ ਰੌ ਜਾਰੀ ਰਹੇਗਾ। ਜਦ ਹੀ ਕਿ ਉਪਰਲਾ ਮਨ ਰੁਝੇਵੇਂ ਤੋਂ ਵਿਹਲਾ ਹੋਵੇਗਾ ਕੀ ਦੇਖੇਗਾ ਕਿ ਅੰਦਰੋਂ ਕਿਸੇ ਅਨਜਾਣੇ ਪਰਤ ਵਿਚੋਂ ਨਾਮ ਦੀ ਰੁਚੀ ਜ਼ੋਰ ਦੇ ਰਹੀ ਹੈ, ਫਿਰ ਕੀ ਦੇਖੇਗਾ ਕਿ ਰੌ ਟੁਰ ਪਿਆ ਤੇ ਮਨ ਸਿਮਰਨ ਵਿਚ ਹੈ। ਇਸ ਤਰ੍ਹਾਂ ਜਪਣ ਵਾਲਿਆਂ ਦੀ ਰਸਨਾ ਦਾ ਪਰਵਾਹ ਤਾਂ ਟੁਰਦਾ ਹੀ ਜਾਪਦਾ ਹੈ। ਰੁਝੇਵੇਂ ਦੀ ਪਈ ਆਰਜ਼ੀ ਮੈਲ ਬੀ ਉਨ੍ਹਾਂ ਦੀ ਛੇਤੀ ਦੂਰ ਹੋ ਜਾਂਦੀ ਹੈ। ਰੁਝੇਵੇਂ ਵੇਲੇ ਇਸੇ ਅੰਦਰਲੇ ਮਨ ਵਿਚ ਜਪ ਜਾਰੀ ਰਹਿਣ ਕਰਕੇ ਤੇ ਫੇਰ ਵਿਹਲੇ ਹੋ ਕੇ ਤੇ ਸਮਝਕੇ ਜਪੇ ਸਿਮਰਣ ਦੇ ਟੁਰ ਪੈਣ ਨਾਲ ਉਹ ਰੁਝੇਵੇਂ ਵੇਲੇ ਆ ਪਈ ਮੈਲ ਪਹਿਲੋਂ ਕੱਟੀਂ ਜਾਂਦੀ ਹੈ ਤੇ ਫੇਰ ਉਹ ਜਪ ਸਿਮਰਨ ਹੋ ਜਾਂਦਾ ਹੈ ।

ਝੰਡਾ–ਠੀਕ, ਆਪ ਨੇ ਇਹ ਸਮਝਾਇਆ ਹੈ ਕਿ ਇਹ ਹੋ ਭਾਵ 'ਹੈ' ਦਾ, ਯਾ ਇਉਂ ਕਹੋ ਕਿ ਵਾਹਿਗੁਰੂ ਦੀ ਹੋਂਦ ਦਾ ਗਿਆਨ ਯਾ ਉਸ ਦਾ 'ਸਤਿ ਸਰੂਪ' ਐਉਂ ਲਗਾਤਾਰੀ ਹੋ ਜਾਵੇਗਾ ਸਾਡੇ ਅੰਦਰ; ਇਹ ਭਾਵ ਆਪਣੇ ਆਪ ਨੂੰ ਲਖਾਉਂਦਾ ਰਹੇਗਾ ਸਾਡੇ ਅੰਦਰ ।

ਗੁਰੂ ਜੀ–ਹਾਂ 'ਹੈ' ਦਾ ਭਾਵ ਜਦ ਅੰਦਰ ਲਗਾਤਾਰੀ ਹੋ

ਜਾਏਗਾ, ਅੰਦਰਲਾ ਸਾਡਾ ਇਕ ਉਚਿਆਣ ਉੱਤੇ ਆਪੇ ਨੂੰ ਪ੍ਰਤੀਤ ਕਰੇਗਾ, ਇਕ ਜਾਗ੍ਰਤ ਦਾ ਭਾਵ ਕਿ 'ਮਾਨੋ ਸੁੱਤੇ ਹੋਏ ਸਾਂ, ਹੁਣੇ ਜਾਗੇ ਹਾਂ' ਅੰਦਰ ਜਾਰੀ ਰਹੇਗਾ, ਤਾਜ਼ਗੀ ਤਾਜ਼ਗੀ, ਹਲਕਾ ਹਲਕਾਪਨ ਭਾਸੇਗਾ। ਇਸ ਤਰ੍ਹਾਂ ਦੇ ਸੁਆਦ ਅੰਦਰਲੇ ਆਪੇ ਵਿਚ ਪ੍ਰਤੀਤ ਹੋਣਗੇ, ਉਸ ਹਾਲਤ ਨੂੰ ਉਨਮਨ ਕਹੀਦਾ ਹੈ ਕਿ ਮਨ ਉਚਿਆਣ ਵਿਚ ਆ ਗਿਆ ਹੈ। ਯਾ ਇਉਂ ਕਹੋ ਕਿ ਆਪਾ ਦਬਾਵਾਂ ਤੇ ਗਿਰਾਵਾਂ ਤੋਂ ਛੁੱਟਕੇ ਉੱਚਾ ਹੋ ਗਿਆ ਹੈ। ਇਹ ਉਚਿਆਣ ਆਕੜ ਹੈਂਕੜ ਨਾ ਸਮਝਣੀ। ਉਹ ਹੈਂਕੜ ਮਨ ਦੀ ਅਹੰਕਾਰ ਬ੍ਰਿਤੀ ਹੈ, ਇਹ ਉਚਿਆਣ ਆਪੇ ਦਾ ਆਪੇ ਵਿਚ ਆ ਕੇ ਉੱਚੇ ਹੋਣਾ ਹੈ ਉਨ੍ਹਾਂ ਅਸਰਾਂ ਤੋਂ ਜੋ ਉਸ ਨੂੰ ਨੀਵਾਂ ਕਰੀ ਰੱਖਦੇ ਹਨ, ਜਿਵੇਂ ਹੁਣ ਤੇਰਾ ਮਨ ਪ੍ਰਤੀਤ ਕਰ ਰਿਹਾ ਹੈ। ਅੰਦਰਲੇ ਦੀ ਅਸਲੀ ਉਚਿਆਣ ਤੇ ਹੈਂਕੜ ਵਾਲੀ ਉਚਿਆਣ ਦਾ ਫ਼ਰਕ ਹੁਣ ਸਮਝ ਲਿਆ ਨੇ? ਜਗਤ ਦੇ ਮਾਮਲਿਆਂ ਦੀਆਂ ਸੋਚਾਂ ਵਿਚਾਰਾਂ ਮਨ ਨੂੰ ਨੀਵਾਂ ਕਰੀ ਰਖਦੀਆਂ ਹਨ। ਸਦਾ ਨੀਵੇਂ ਰਹਿਣ ਕਰ ਕੇ ਮਨੁੱਖ ਨੂੰ ਮਨ ਦੀ ਅਸਲੀ ਉਚਿਆਣ ਦੀ ਸੋਝੀ ਨਹੀਂ ਪੈਂਦੀ, ਜਦੋਂ ਸਾਈਂ ਦੀ ਯਾਦ ਨਾਲ ਮਨ ਤੋਂ ਆਸ, ਅੰਦੇਸੇ, ਸੋਚਾਂ ਆਦਿਕਾਂ ਦੇ ਬੋਝ ਢਹਿ ਪੈਂਦੇ ਹਨ ਤਾਂ ਮਨ ਇਸ ਉਚਿਆਣ ਨੂੰ ਅਨੁਭਵ ਕਰਦਾ ਹੈ।

"ਆਸਾ ਅੰਦੇਸਾ ਦੁਇ ਪਟ ਜੜੇ ॥"

ਝੰਡਾ–ਇਹ ਜੋ ਆਪ ਨੇ ਫੁਰਮਾਇਆ ਹੈ ਸਾਡੇ ਮਨ ਤੇ ਸੁਭਾਵ ਦੀ ਬਣਤਰ ਐਸੀ ਹੈ ਕਿ ਜੋ ਗੱਲ ਅਸੀਂ ਬਾਰ ਬਾਰ ਰਟਨ ਕਰਾਂਗੇ ਸੋ ਚੇਤੇ ਵਿਚ ਵੱਸ ਜਾਏਗੀ, ਮੈਂ ਸਮਝ ਲਈ ਹੈ। ਜਿਸ ਗੱਲ ਦਾ ਚੇਤਾ ਅਸੀਂ ਲਗਾਤਾਰ ਰੱਖਾਂਗੇ, ਸੋ ਗੱਲ ਸਾਡੇ ਅੰਦਰ ਸਾਡਾ ਗਿਆਨ ਬਣ ਜਾਏਗੀ–ਲਗਾਤਾਰੀ ਗਿਆਨ, ਜਿਵੇਂ ਉਹ ਗਿਆਨ ਸਾਡਾ ਆਪਣਾ ਹੈ ਤੇ ਉਸ ਤੋਂ ਅਸੀਂ ਸੁਖ ਰਸ ਮਾਣਦੇ ਹਾਂ। ਇਉਂ ਮੈਂ ਸਮਝਿਆ ਹੈ ਕਿ ਉਹ ਇਕ ਲਗਾਤਾਰੀ

'ਭਾਵ' ਯਾ 'ਸੁਭਾਵ' ਹੋ ਜਾਏਗਾ। ਜਿਹੜੀ ਗੱਲ ਤੁਸਾਂ ਇਹ ਆਖੀ ਹੈ ਕਿ ਜੋ ਬਾਤ ਅਸੀਂ ਬਾਰ ਬਾਰ ਸਿਮਰਣ ਕਰਾਂਗੇ, ਉਹ ਸਾਡੇ ਚਿੱਤ ਵਿਚ ਟਿਕ ਜਾਏਗੀ, ਸਾਡੇ ਮਨ ਦੇ ਹੇਠਲੇ ਪਰਤ ਵਿਚ ਬਹਿ ਜਾਏਗੀ।

## ੨. ਨਾਮ ਜਪੋ, ਨਾਮ ਵਿਚ ਭਾਵਨਾ ਧਾਰ ਕੇ

(ਗੁਰੂ ਨਾਨਕ ਚਮਤਕਾਰ—'ਸਤਿਗੁਰੂ ਨਾਨਕ ਦੇਵ ਜੀ ਦੀ ਜਗਨ ਨਾਥ ਫੇਰੀ' ਪ੍ਰਸੰਗ ਵਿਚੋਂ', ਸਫ਼ਾ ੨੯੬)

ਗੁਰੂ ਜੀ—'ਰਬ ਦਾ ਨਾਮ' ਆਖੋ, ਪਰ ਨਾਮ ਵਿਚ ਭਾਵਨਾ ਧਾਰ ਕੇ ਨਾਮ ਲਓ।

ਬ੍ਰਾਹਮਣ—ਕਿਵੇਂ ?

ਗੁਰੂ ਜੀ—ਨਾਮ ਤੋਂ ਪਹਿਲੇ 'ਨਾਮੀ ਹੈ' ਇਹ ਨਿਸ਼ਚਾ ਧਾਰੋ। ਖ਼ਿਆਲ ਕਰੋ ਕਿ 'ਨਾਮੀ ਹੈ'। ਇਸ ਦਿੱਸਦੇ ਤੇ ਵੱਸਦੇ ਸੰਸਾਰ ਵਿਚ ਇਸ ਦਾ ਮਾਲਕ ਤੇ ਪਾਲਕ ਵੱਸਦਾ ਹੈ, ਉਹ ਇਸ ਵਿਚ ਹੈ, ਪਰ ਦਿੱਸਦਾ ਨਹੀਂ। ਉਸ ਦਾ ਰੂਪ ਰੇਖ ਰੰਗ ਨਹੀਂ ਹੈ ਪਰ ਹੈ ਘਟਿ ਘਟਿ ਵਿਚ। ਉਹ ਨਿਰੰਕਾਰ ਹੈ, ਉਹ ਜੋਤ ਸਰੂਪ ਹੈ, ਸਾਡਾ ਅੰਦਰਲਾ ਭੀ ਜੋਤ ਹੈ। ਹਾਂ, ਨਿਰੰਕਾਰ ਮਿੱਟੀ ਅੰਧ ਵਾਂਙ ਨਹੀਂ, ਉਹ ਜੀਉਂਦਾ ਜਾਗਦਾ ਸਦਾ ਸੁਰਜੀਤ ਆਤਮ-ਤੱਤ ਹੈ। ਉਸ ਦੇ ਰੰਗ, ਉਸ ਦੇ ਕਰਨੇ, ਉਸ ਦੇ ਵੀਚਾਰ, ਉਸ ਦੇ ਤਰੰਗ ਉਹੀ ਜਾਣੇ ਕਿਉਂਕਿ ਉਹ ਸਾਡੇ ਵਰਗੇ ਨਹੀਂ। ਚਾਨਣੇ ਦੀ ਲਹਿਰ ਤੇ ਕਰਨੇ ਮਿੱਟੀ ਸਮਾਨ ਨਹੀਂ ਹੁੰਦੇ। ਉਹ ਜੋਤਿ ਹੈ, ਸਾਡੇ ਅੰਦਰ ਸਾਡਾ ਅੰਦਰਲਾ ਬੀ ਜੋਤਿ ਹੈ;ਜੇ ਦੋਹਾਂ ਦਾ ਮੇਲ ਰਹੇ ਤਾਂ ਸਾਡੀ ਨਿੱਕੀ ਜੋਤਿ ਦਾ ਚਾਨਣਾ ਵਧ ਜਾਵੇ;ਇਉਂ ਸਾਡਾ ਅੰਦਰਲਾ ਖਿੜਿਆ ਰਹੇਗਾ। ਨਹੀਂ ਤਾਂ ਬੁਝੇ ਦੀਵੇ ਵਾਂਗ ਢੱਠਾ ਜਿਹਾ ਤੇ ਸੋਚਾਂ ਵਿਚ, ਦਿੱਸਣ ਵਾਲੇ ਦੀ ਤ੍ਰਿਸ਼ਨਾ ਵਿਚ ਮਨ ਰਹੇਗਾ ਤੇ ਦੁਖ ਪਾਏਗਾ। ਸੋ

ਉਸ ਮਹਾਂ ਜੋਤੀ ਨਿਰੰਕਾਰ ਨਾਲ ਸਾਡੀ ਵਿੱਥ ਕਿਵੇਂ ਨਾ ਪਵੇ, ਇਹ ਸਾਡਾ ਪਰਮ ਪ੍ਰਮਾਰਥ ਹੈ। ਉਸ ਜੋਤੀ ਸਰੂਪ ਨੂੰ ਆਖੋ 'ਨਾਮੀ' ਤੇ ਉਸਦੇ ਨਾਉਂ ਨੂੰ ਆਖੋ 'ਨਾਮ'। ਸੋ ਨਾਮ ਵਿਚ ਨਾਮੀ ਦੀ ਭਾਵਨਾ ਧਾਰੋ, ਮਨ ਵਿਚ ਨਾਮ ਦਾ ਧਰੁਵਾ ਬੰਨ੍ਹੋ ਕਿ ਉਸ ਦਾ ਜਾਪ ਜਪਦੇ ਹਾਂ। ਹੁਣ ਸੋਚ ਕਰੋ ਕਿ ਜਦ ਕਿਸੇ ਦਾ ਨਾਮ ਲਈਏ ਤਾਂ ਧਿਆਨ ਨਾਮੀ ਵਲ ਚੜ੍ਹਾ ਜਾਂਦਾ ਹੈ ਕਿ ਨਾ? ਧਿਆਨ ਇਸ ਜਗਤ ਦਾ ਸਾਰਾ ਸਾਰ ਹੈ। ਜਿਸ ਕੰਮ ਵਲ ਧਿਆਨ ਹੈ ਉਹ ਹੋ ਰਿਹਾ ਹੈ,ਜਿਸ ਵਲੋਂ ਧਿਆਨ ਮੁੜਿਆ ਉਹ ਕੰਮ ਰਹਿ ਗਿਆ। ਹਾਲੀ ਧਿਆਨ ਹਲ ਤੇ ਬੈਲਦਾਂ ਵਿਚ ਦੇਂਦਾ ਹੈ ਤਾਂ ਹਲ ਵਹਿੰਦਾ ਹੈ। ਵਿਦਿਆਰਥੀ ਦਾ ਧਿਆਨ ਵਿਦਿਆ ਵਿਚ ਜਾਂਦਾ ਹੈ ਤਾਂ ਵਿਦਿਆ ਪੜ੍ਹੀ ਜਾਂਦੀ ਹੈ। ਪਰ ਸਾਡਾ ਧਿਆਨ ਦ੍ਰਿਸ਼ਟਮਾਨ ਤੋਂ ਉਚੇਰਾ ਨਹੀਂ ਉਠਦਾ, ਅਸਾਂ ਨਾਮੀ ਵਿਚ ਭਾਵਨਾ ਧਾਰਕੇ ਨਾਮ ਜਪਣਾ ਹੈ,ਜਿਸ ਨਾਲ ਧਿਆਨ ਨੇ ਨਾਮੀ ਵਿਚ ਜਾਣਾ ਹੈ।

ਸੋ (੧) ਉਸ ਸਾਰੀ ਕ੍ਰਿਆ ਨੂੰ, ਜੋ ਧਿਆਨ ਨੂੰ ਦ੍ਰਿਸ਼ਟਮਾਨ ਤੋਂ ਚੁੱਕਣ ਤੇ ਦ੍ਰਿਸ਼ਟਾ ਵਿਚ ਲਾਉਣ ਤੇ ਖ਼ਰਚ ਹੁੰਦੀ ਹੈ, 'ਨਾਮ' ਆਖਦੇ ਹਨ। ਜਦ ਨਾਮ ਦੁਆਰਾ ਧਿਆਨ ਸਾਂਈਂ ਵਲ ਲਗ ਗਿਆ, ਤਦ (੨) ਉਸ ਧਿਆਨ ਦੇ ਲਗੇ ਰਹਿਣ ਨੂੰ 'ਨਾਮ' ਆਖਦੇ ਹਨ। ਜਦੋਂ (੩) ਉਹ ਲੱਗਾ ਧਿਆਨ ਸਾਈਂ ਵਲੋਂ ਪਿਆਰ ਵਲਵਲੇ ਤੇ ਜੀਵਨ ਰੌ ਨਾਲ ਭਰੇ ਤ੍ਰੰਗ ਲੈ ਲੈ ਖੀਵਾ ਹੁੰਦਾ ਹੈ, ਮਿਹਰ ਦੀ ਲਹਿਰ ਇਸ ਵਿਚ ਠਾਠਾਂ ਮਾਰਦੀ ਆਉਂਦੀ ਹੈ, ਉਸ ਨੂੰ ਨਾਮ ਆਖਦੇ ਹਨ। ਜਦੋਂ (੪)ਇਸ ਰੰਗ ਵਿਚ ਰੰਗੇ ਹੋਇਆਂ ਘਟ ਘਟ ਵਿਚ, ਵਣ ਤ੍ਰਿਣ ਵਿਚ, ਪਿਆਰਾ ਹੀ ਪਿਆਰਾ ਦਿੱਸਦਾ ਹੈ, ਉਸਨੂੰ ਨਾਮ ਆਖਦੇ ਹਨ। (੫) ਧਿਆਨ ਦ੍ਰਿਸ਼ਟਮਾਨ ਉਤੋਂ ਚੁੱਕਣ ਦੇ ਪ੍ਰਿਥਮ ਤਰੱਦਦ ਤੋਂ ਲੈ ਕੇ ਨਾਮੀ ਦੇ ਪ੍ਰਾਪਤ ਹੋ ਜਾਣ ਤਕ ਦੇ ਸਾਰੇ ਰੰਗ ਨੂੰ ਅਸੀਂ ਨਾਮ ਆਖਦੇ ਹਾਂ। ਨਾਮ ਨਿਰਾ ਰਟਨ ਮਾਤਰ ਨਹੀਂ, ਨਾਮ ਰਟਣ ਹੈ, ਜਪ ਹੈ, ਸਿਮਰਣ ਹੈ। ਨਾਮ ਜੀਵਨ ਹੈ, ਨਾਮ ਮੇਹਰ ਹੈ, ਨਾਮ ਰੂਹ ਤੇ ਰੱਬ ਦਾ ਸੰਜੋਗ ਹੈ, ਉਸ ਨਾਲ ਪਿਆਰ, ਪ੍ਰੇਮ, ਤਰੰਗ, ਸੁਖ, ਰਸ

ਰੰਗ ਮਾਣਨ ਦਾ ਨਾਮ ਹੈ। ਅਸੀਂ ਜਦ 'ਨਾਮ' ਆਖਦੇ ਹਾਂ ਤਾਂ ਜੀਭ ਨਾਲ ਵਾਹਿਗੁਰੂ ਉਚਾਰਨ ਤੋਂ ਲੈ ਕੇ ਨਾਮ ਵਿਚ ਪ੍ਰਾਪਤ ਹੋ ਰੱਬੀ ਰੌ ਵਾਲੇ ਜੀਵਨ ਦੇ ਸਾਰੇ ਹੁਲਾਰਿਆਂ ਤੇ ਉਮਾਹਾਂ ਦਾ ਇਕ ਉੱਜਲ ਪ੍ਰਫੁੱਲਤ ਦਗਦਗ ਕਰਦਾ ਸੂਰਜ ਦੇਖਦੇ ਹਾਂ। ਨਾਮ ਹੈ ਨਾਮੀ ਵਲ ਲੱਗਣਾ ਤੇ ਇਸ ਤੋਂ ਲੈ ਕੇ ਨਾਮੀ ਵਲੋਂ ਮੇਹਰ ਦਾ ਵਰਸਾਉ, ਹਾਂ ਉਸ ਵਲੋਂ ਉਤਰ ਰਹੇ ਪਿਆਰ, ਉਮਾਹ, ਅੰਦਰਲੀ ਸੋਝੀ ਤਕ ਦਾ ਨਾਉਂ 'ਨਾਮ' ਹੈ। ਸੋ ਤੁਸੀਂ ਵੇਖ ਲਓ ਜੋ ਤੁਸੀਂ ਨਾਮ ਜਪਦੇ ਸਾਓ, ਓਹ ਤੇ ਏਹ, ਕੁਝ ਫ਼ਰਕ ਰੱਖਦੇ ਹਨ?

ਬ੍ਰਾਹਮਣ (ਠੰਢਾ ਸਾਹ ਲੈ ਕੇ)–ਆਪ ਧੰਨ ਹੋ। ਮੇਰੇ ਸੁੱਤੇ ਦੀ ਜਾਗ ਖੋਲ੍ਹੀ ਜੇ, ਮੈਂ ਤਾਂ ਨਿਰੇ ਮਟਰ ਮਟਰ ਸ਼ਿਵ ਸ਼ਿਵ ਕਰਨ ਨੂੰ ਕਿ ਲੋਕੀਂ ਪਏ ਸੁਣਨ ਕਿ ਭਗਤ ਹੈ ਤੇ ਜੀਭ ਤਾਲੂ ਨਾਲ ਪਈ ਵੱਜੇ, ਦੰਦ ਪਏ ਦੰਦਾਂ ਨਾਲ ਖਾਣ ਖੜਕਾ, ਤੇ ਹੱਥ ਨਾਲ ਪਿਆ ਮਣਕੇ ਤੇ ਮਣਕਾ ਠਾਹ ਠਾਹ ਵੱਜੇ, ਇਸ ਨੂੰ ਦੋ ਤ੍ਰੈ ਘੜੀ ਕਰ ਉੱਠਣਾ 'ਨਾਮ' ਜਾਣਦਾ ਸਾਂ। ਹੁਣ ਪਤਾ ਲੱਗਾ ਕਿ ਜੀਭ ਨਾਲ ਜਪਣਾ ਨਿਸਫਲ ਹੈ।

ਗੁਰੂ ਜੀ–ਫੇਰ ਭੁਲ ਵਿਚ ਚਲੇ ਗਏ ਹੋ। ਜੀਭ ਨਾਲ ਜਪਣਾ ਸਫਲ ਨਾਮ ਹੈ। ਜਪਣਾ ਕਰਮ ਹੀ ਜੀਭ ਦਾ ਹੈ, ਜੀਭ ਅੱਖਰ ਉਚਾਰਦੀ ਹੈ, ਨਾਮ ਭੀ ਅੱਖਰਾਂ ਦਾ ਹੈ। ਪਿਆਰਿਆ! ਸਾਰੀ ਗੱਲ ਮੁੜ ਸਮਝ ਲੈ; 'ਨਾਮ' ਆਤਮ ਜਾਗ ਨੂੰ ਆਖੀਦਾ ਹੈ। ਮਨ 'ਮਾਇਆ' ਦੇ 'ਬਿਸਮਾਦ' ਵਿਚ ਸੌਂ ਗਿਆ, ਮਰਨ ਤੁੱਲ ਨੀਂਦ ਵਿਚ ਹੈ, ਜਿਸ ਦਾ ਜਾਗ ਉੱਠਣਾ ਤੇ ਉਸ ਵਿਚ ਜਾਗਦੇ ਰਹਿਣਾ ਨਾਮ ਹੈ। ਸਰੀਰ ਦੀ ਨੀਂਦ ਕਿ ਜਾਗ ਕੋਈ ਅਰਥ ਨਹੀਂ ਰੱਖਦੀ। ਮਨ 'ਮਾਇਆ ਬਿਸਮਾਦ' ਦੀ ਮੂਰਛਾ ਤੋਂ ਉੱਠਕੇ 'ਆਤਮ ਬਿਸਮਾਦ' ਦੀ ਜਾਗ੍ਰਤ ਵਿਚ ਆ ਕੇ ਇਕ ਰੱਬੀ ਜੀਵਣ ਦੀ ਰੌ ਵਿਚ ਵੱਸਦਾ ਹੈ, ਪ੍ਰੰਤੂ ਆਰੰਭ ਤਾਂ 'ਜੀਭ ਦੇ ਨਾਮ ਜਪਣ' ਤੋਂ ਹੀ ਹੁੰਦਾ ਹੈ।

ਬ੍ਰਾਹਮਣ–ਜੀ ਫੇਰ ਮੇਰੀ ਭੁੱਲ ਦਿਖਲਾਓ ਜੋ ਮੈਂ ਨਿਰਸੰਸੇ ਸਮਝ ਜਾਵਾਂ।

ਗੁਰੂ ਜੀ–ਤੇਰੀਆਂ ਭੁੱਲਾਂ ਦੋ ਹਨ, ਇਕ ਇਸ ਤੋਂ ਪਹਿਲੀ ਤੇ ਇਕ ਮਗਰਲੀ।

ਨਾਮ ਤੋਂ ਪਹਿਲਾਂ ਨਾਮੀ ਦਾ ਥਹੁ ਪਤਾ ਸੁਣੀਂਦਾ ਹੈ। ਪਹਿਲਾਂ 'ਨਾਮੀ' ਹੈ ਫੇਰ ਨਾਮ ਹੈ, ਫੇਰ 'ਨਾਮੀ' ਹੈ। ਆਦਿ ਤੇ ਅੰਤ ਨਾਮੀ ਹੈ ਵਿਚ ਨਾਮ ਹੈ। ਪਹਿਲਾਂ ਨਾਮੀ ਦੇ ਗੁਣ ਸੁਣੀਂਦੇ ਹਨ ਕਿ ਉਹ ਪਿਆਰ ਕਰਦਾ ਹੈ,ਪਾਲਦਾ ਹੈ, ਮੱਤ ਦੇਂਦਾ ਹੈ, ਆਪਣੇ ਨਾਲ ਰੱਖਣਾ ਲੋਚਦਾ ਹੈ; ਉਹ ਸਦਾ ਹੈ, ਉਸ ਨਾਲ ਮਿਲਕੇ ਅਸੀਂ ਸਦਾ ਸੁਖੀ ਹੋ ਸਕਦੇ ਹਾਂ। ਉਸ ਵਿਚ ਅੱਪੜਨਾ ਸਾਡੇ ਜੀਵਨ ਦਾ ਪ੍ਰਯੋਜਨ ਹੈ। ਜੀਉਂਦੇ ਜੀ ਉਸ ਦੇ ਨਾਲ ਹੋ ਜਾਣਾ ਤੇ ਨਾਲ ਵੱਸਣਾ ਸਾਡਾ ਪ੍ਰਮਾਰਥ ਹੈ, ਪਰ ਹਾਂ ਅਸੀਂ ਦੁਖੀ। ਇਹ ਦੁੱਖ ਨਾਮੀ ਤੋਂ ਵਿਛੁੜੇ ਰਹਿਣ ਕਰਕੇ ਹੈ। ਹਰ ਪ੍ਰਾਣੀ ਨੂੰ ਇਹ ਇੱਛਾ ਹੈ ਤੇ ਜਿਸ ਲਈ ਸਾਰੇ ਜਤਨ ਕਰਦੇ ਹਨ ਕਿ ਸੁਖੀ ਹੋਈਏ ਪਰ ਮਾਇਆ ਵਿਚ ਸੁਖ ਨੂੰ ਭਾਲਣ ਕਰ ਕੇ ਸਾਰੇ ਦੁਖੀ ਹੀ ਰਹਿੰਦੇ ਹਨ, ਕਿਉਂਕਿ ਮਾਇਆ ਪ੍ਰਮੇਸ਼ਰ ਤੋਂ ਉਲਟ ਭੁਲਾਵੇ ਦਾ ਨਾਮ ਹੈ,ਮਾਇਆ ਪਰਮੇਸ਼ਰ ਤੇ ਸਾਡੇ ਵਿਚ 'ਵਿੱਥ' ਦਾ ਨਾਮ ਹੈ ਤੇ ਸੱਚਾ ਸੁਖ ਹੈ, ਉਸ ਨਾਲ ਮੇਲ ਵਿਚ। ਸੋ ਜੇ ਸਦਾ ਸੁਖ ਦੀ ਇੱਛਾ ਹੋਵੇ ਤਾਂ ਆਦਮੀ ਮਾਇਆ ਤੋਂ ਉੱਠਣ ਤੇ ਨਾਮੀ ਵਿਚ ਜਾਣ ਦੀ ਇੱਛਾ ਕਰਦਾ ਹੈ। ਜੇ ਐਸੀ ਇੱਛਾ ਕਰੇ, ਉਹ ਨਾਮੀ ਦੇ ਗੁਣ, ਸਿਫ਼ਤ ਸਰੂਪ ਲੱਛਣਾਂ ਦਾ ਹਾਲ ਸਮਝਦਾ ਹੈ। ਸਮਝਦਾ ਸੁਣਦਾ ਇਸ ਲਈ ਹੈ ਕਿ ਦੇਖ ਤਾਂ ਉਸ ਨੂੰ ਸਕਦਾ ਨਹੀਂ, ਕਿਉਂਕਿ ਉਹ ਅਗੋਚਰ ਹੈ, ਤਾਂ ਤੇ ਇਕ ਖ਼ਿਆਲ ਬਣਾਉਂਦਾ ਹੈ ਨਾਮੀ ਦੇ ਸਰੂਪ ਤੇ ਗੁਣਾਂ ਦਾ। ਆਪਣੇ ਅੰਦਰ ਇਕ ਧਰੁਵਾ ਬੰਨ੍ਹਦਾ ਹੈ ਨਾਮੀ ਦਾ, ਪ੍ਰਯੋਜਨ ਬਣਾਉਂਦਾ ਹੈ ਨਾਮ ਵਿਚ ਧਿਆਨ ਲਾ ਲੈਣ ਦਾ। ਸੋ ਤੁਹਾਡੀ ਪਹਿਲੀ ਭੁੱਲ ਇਹ ਹੈ ਕਿ ਤੁਸੀਂ ਨਾਮੀ ਦਾ ਖਿਆਲ ਬੰਨ੍ਹੇ ਬਿਨਾਂ ਤੇ ਧਿਆਨ ਨੂੰ ਦ੍ਰਿਸ਼ਟਮਾਨ (ਦਿੱਸਣ ਵਾਲੇ ਪਦਾਰਥਾਂ) ਤੋਂ ਚੁਕ ਕੇ ਨਾਮੀ ਵਿਚ ਲਾ ਦੇਣ ਦਾ ਪ੍ਰਯੋਜਨ ਧਾਰੇ ਬਿਨਾਂ, ਨਾਮ ਰਟਨਾ ਸ਼ੁਰੂ ਕਰਦੇ ਹੋ। ਜਦ ਨਾਮ ਦੇ ਅਰਥ ਵਲ

ਪਹਿਲਾਂ ਭਾਵਨਾ ਹੀ ਨਹੀਂ ਧਾਰੀ ਤਾਂ ਦੱਸੋ ਕਿਸ ਦਾ ਨਾਮ ਜਪਦੇ ਹੋ ? ਪਹਿਲਾਂ ਪਰਮੇਸ਼ੁਰ ਵਿਚ ਭਾਵਨਾ ਧਾਰੋ, ਫੇਰ ਨਾਮ ਜਪੋ, ਇਹ ਜਾਣ ਕੇ ਕਿ ਇਹ ਨਾਮ ਉਸ ਮਾਲਕ ਪਾਲਕ ਦਾ ਹੈ। ਜਪਦਿਆਂ ਇਸ ਕੋਸ਼ਿਸ਼ ਵਿਚ ਰਹੋ ਕਿ 'ਹਾਜ਼ਰਾ ਹਜ਼ੂਰ' ਦੀ 'ਹਜ਼ੂਰੀ' ਵਿਚ ਯਕੀਨ ਕਰ ਕੇ ਨਾਮ ਜਪ ਰਹੇ ਹਾਂ।

ਬ੍ਰਾਹਮਣ—ਠੀਕ ਹੈ, (ਸਿਰ ਹਿਲਾ ਕੇ) ਸੁਆਦ ਆ ਗਿਆ ਹੈ। ਫੇਰ ਜੀ ! ਜਦ ਇਹ ਖ਼ਿਆਲ ਬਣਾ ਲਿਆ ਤੇ ਮਨ ਲਗ ਗਿਆ ਫੇਰ ਜੀਭ ਦੀ ਕੀ ਲੋੜ ਰਹੀ ?

ਗੁਰੂ ਜੀ—ਏਥੇ ਹੀ ਨੁਕਤੇ ਦੀ ਗੱਲ ਹੈ। ਜੇ ਤਾਂ ਇਹ 'ਨਾਮੀ ਦੇ ਵਜੂਦ ਜਾਂ ਖ਼ਿਆਲ' ਤੇ 'ਨਾਮੀ ਵਿਚ ਧਿਆਨ ਜੋੜ ਲੈਣ' ਦਾ ਪ੍ਰਯੋਜਨ ਸਮਝ ਵਿਚ ਆਉਂਦਿਆਂ ਮਨ ਵਿਚ ਲਗਾਤਾਰ ਹੁਲਾਰਾ ਉਸ ਦੀ ਯਾਦ ਦਾ ਆ ਗਿਆ, ਸਾਈਂ ਦੀ ਕੀਰਤੀ ਤੇ ਪਿਆਰ ਜਾਗ ਪਿਆ, ਅਰਥਾਤ ਖ਼ਿਆਲ ਫੌਰਨ 'ਅਨੁਭਵ' ਵਿਚ ਬਦਲ ਗਿਆ ਤਦ ਕਾਰਜ ਹੋ ਗਿਆ, ਨਾਮ ਪ੍ਰਾਣਾਂ ਵਿਚ ਵੱਸ ਜਾਏਗਾ; ਪਰ ਰਿਖੀ ਜੀ ! ਐਸਾ ਹੁੰਦਾ ਨਹੀਂ ਸਿਵਾ ਬਖਸ਼ੇ ਹੋਇਆਂ ਦੇ। 'ਖਿਆਲ ਰੱਬ ਦੀ ਹੋਂਦ' ਦਾ ਯਾ ਉਸਦੇ 'ਵਜੂਦ ਦਾ ਧਰੁਵਾ' ਬੰਨ੍ਹ ਲਈਦਾ ਹੈ ਕਿ ਇਸ ਦਿੱਸਦੇ ਜਗਤ ਦਾ 'ਕਰਨ-ਹਾਰ' ਹੈ ਤੇ ਉਸ ਨੂੰ ਮਿਲਣਾ ਸਾਡਾ ਜੀਵਨ ਦਾ ਪ੍ਰਯੋਜਨ ਹੈ। ਪਰ ਫੇਰ ਭੁੱਲ ਜਾਈਦਾ ਹੈ, ਅਰਥਾਤ ਸਾਡਾ ਧਿਆਨ 'ਮਾਇਆ' ਤੋਂ ਉੱਠ ਕੇ ਇਕਦਮ 'ਨਾਮੀ' ਪਰ ਨਹੀਂ ਜਾ ਲੱਗਦਾ। ਸਮਝ ਭਾਵੇਂ ਸਮਝ ਜਾਵੇ, ਪਰ ਧਿਆਨ ਜਿੱਥੇ ਹੈ ਉੱਥੇ ਹੀ ਹੈ, ਇਹ ਦ੍ਰਿਸ਼ਟਮਾਨ ਤੋਂ ਉਠ ਕੇ ਦ੍ਰਿਸ਼ਟਾ ਪੁਰ ਨਿਰੰਤਰ ਟਿਕ ਨਹੀਂ ਜਾਂਦਾ। ਇਸ ਗੱਲ ਲਈ ਕਿ ਧਿਆਨ ਭੁੱਲ ਵਾਲੇ ਥਾਉਂ ਤੋਂ ਉੱਠੇ ਸਾਨੂੰ ਕੋਈ ਤਰੱਦਦ ਕਰਨਾ ਪੈਂਦਾ ਹੈ, ਉਹ ਤਰੱਦਦ ਸਾਡੇ ਸਰੀਰ ਧਾਰੀ ਹੋਣ ਕਰ ਕੇ ਸਰੀਰਕ ਲੋੜੀਦਾ ਹੈ।

ਫੇਰ ਸਮਝ ਲੈਣਾ ਕਿ ਦਿਲ ਦਾ ਇਕ ਤਰੱਦਦ ਤਾਂ ਪਹਿਲਾਂ ਅਸਾਂ ਕਰ ਲਿਆ ਹੈ,—'ਰੱਬ ਹੈ', ਅਸਾਂ ਸਮਝ ਲਿਆ ਹੈ ਕਿ ਉਸ ਨੂੰ

ਮਿਲਣਾ ਅਸਾਂ ਪ੍ਰਯੋਜਨ ਬਣਾ ਲਿਆ ਹੈ ਤੇ ਮਾਇਆ ਤੋਂ ਧਿਆਨ ਉੱਚਾ ਕਰ ਕੇ ਉਸ ਉਤੇ ਲਾਉਣਾ ਹੈ। ਇਹ ਪ੍ਰਯੋਜਨ ਬੀ ਅਸੀਂ ਵਿਚਾਰ ਲਿਆ ਹੈ, ਪਰ ਧਿਆਨ ਸਾਡੇ ਆਖੇ ਨਹੀਂ ਲੱਗਦਾ। ਇਸ ਧਿਆਨ ਨੂੰ ਮੋੜਨ ਦਾ ਤਰੱਦਦ ਕਰਨਾ ਹੈ। ਤਦ ਵਿਚਾਰ ਸਾਨੂੰ ਇਕ ਹੋਰ ਗੱਲ ਦੱਸਦੀ ਹੈ ਕਿ ਮਨ ਦਾ ਅਸਰ ਸਰੀਰ ਤੇ ਪੈਂਦਾ ਹੈ ਤੇ ਸਰੀਰ ਦਾ ਅਸਰ ਮਨ ਤੇ ਪੈਂਦਾ ਹੈ। ਜੋ ਕੰਮ ਸਰੀਰ ਕਰੇ ਮਨ ਉਸ ਦਾ ਅਕਸ ਲੈ ਲੈਂਦਾ ਹੈ। ਜੇ ਹੱਥਾਂ ਨਾਲ ਸਾਰਾ ਦਿਨ ਕਚਾਲੂ ਪੁੱਟੋ ਰਾਤ ਸੁਫਨੇ ਮਨ ਨੂੰ ਕਚਾਲੂ ਪੁੱਟਣ ਦੇ ਆਉਂਦੇ ਹਨ। ਜੇ ਮਨ ਉਦਾਸ ਹੋ ਜਾਏ ਤਾਂ ਸਰੀਰ ਢਿੱਲਾ ਤੇ ਕਮਜ਼ੋਰ ਹੋ ਜਾਂਦਾ ਹੈ। ਇਹ ਗੱਲ ਸਮਝ ਕੇ ਅਸੀਂ ਰੂਪ ਰੇਖ ਤੋਂ ਪਰੇ ਰਹਿਣ ਵਾਲੇ ਪਰ ਸਾਡੇ ਅੰਗ ਸੰਗ ਰਹਿਣ ਵਾਲੇ ਨਾਮੀ ਦਾ ਇਕ 'ਅਖਰਾਂ ਵਾਲਾ ਨਾਮ' ਲੱਭਦੇ ਹਾਂ ਤੇ ਉਸ 'ਅੱਖਰਾਂ ਵਾਲੇ ਨਾਮ ਨੂੰ' ਜੀਭ ਤੇ ਰਖ ਦੇਂਦੇ ਹਾਂ, ਅਤੇ ਜੀਭ ਨਾਲ ਜਪਦੇ ਹਾਂ :—

'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।'

ਜਦ ਜੀਭ ਇਹ ਕੰਮ ਕਰਦੀ ਹੈ ਤਦ ਧਿਆਨ, ਜੋ ਮਾਇਆ ਵਿਚ ਹੈ—ਮੋੜਾ ਖਾਂਦਾ ਹੈ ਤੇ 'ਵਾਹਿਗੁਰੂ ਵਾਹਿਗੁਰੂ' ਇਹਨਾਂ ਅੱਖਰਾਂ ਵਲ ਆਉਂਦਾ ਹੈ। ਅੱਗੇ ਅਸਾਂ ਆਪਣੇ ਅੰਦਰ ਵਾਹਿਗੁਰੂ ਦੇ ਵਜੂਦ, ਉਸ ਦੀ ਹੈ ਯਾ 'ਹੋਂਦ' ਦਾ ਖਿਆਲ ਕਾਇਮ ਕਰ ਲਿਆ ਹੋਇਆ ਹੈ, ਉਸ ਦੇ ਸਰੂਪ, ਗੁਣਾਂ, ਸਿਫਤ ਸਲਾਹਾਂ ਦਾ ਕੋਈ ਰੂਪ ਬੰਨ੍ਹ ਲਿਆ ਹੋਇਆ ਹੈ, ਉਸ ਵਿਚ ਲਿਵਲੀਨ ਹੋਣਾ ਪ੍ਰਯੋਜਨ ਬਣਾ ਲਿਆ ਹੋਇਆ ਹੈ, ਸੋ ਸਾਡਾ ਧਿਆਨ ਝੱਟ ਮਾਇਆ ਤੋਂ ਉੱਠ ਕੇ ਮਾਨਸਕ ਮੰਡਲ ਵਿਚ ਚਲਿਆ ਜਾਂਦਾ ਹੈ। ਲਗਾਤਾਰ ਨਾਮ ਇਸੇ ਕਰਕੇ ਜਪੀਦਾ ਹੈ ਕਿ ਸਰੀਰਕ ਠੁਹਕਰ ਦਾ ਅਕਸ ਮਾਨਸਕ ਮੰਡਲ ਤੇ ਪੈ ਕੇ ਮਾਨਸਕ ਮੰਡਲ ਈਸ਼ਵਰ ਧਿਆਨੀ ਹੋ ਜਾਵੇ। ਇਸ ਤਰ੍ਹਾਂ ਫਿਰ ਨਾਮ ਮਾਨਸਕ ਮੰਡਲ ਤੋਂ ਉੱਚਾ ਹੋ ਕੇ 'ਆਤਮ ਮੰਡਲ' ਵਿਚ ਲੈ ਜਾਂਦਾ ਹੈ ਤੇ ਫੇਰ 'ਨਾਮੀ' ਦੇ ਦੁਆਰੇ ਜਾ ਪਹੁੰਚੀਦਾ ਹੈ। ਸਮਝਣ

ਸਮਝਾਉਣ ਮਾਤਰ ਲਈ ਐਉਂ ਕਹੀਦਾ ਹੈ, ਜੀਕੂੰ ਕਿਹਾ ਹੈ।

ਬ੍ਰਾਹਮਣ–ਬਹੁਤ ਠੀਕ ਹੈ।

ਗੁਰੂ ਜੀ–ਮਨੁੱਖ ਸਾਰਾ ਧਿਆਨ ਸਰੀਰਕ ਮੰਡਲ ਵਿਚ ਲਾਈ ਰੱਖਦਾ ਹੈ। ਵੇਖੋ ਲਗ ਪਗ ਪੌਣੇ ਤ੍ਰੈ ਪਹਿਰ ਰੋਜ਼ ਸਵੀਂਦਾ ਹੈ, ਇਹ ਸਰੀਰਕ ਸੁਖ ਵਾਸਤੇ ਹੈ, ਪੌਣੇ ਤ੍ਰੈ ਪਹਿਰ ਰੋਜ਼ ਲਗ ਪਗ ਰੋਜ਼ੀ ਕਮਾਉਣ ਦੇ ਕੰਮਾਂ ਪੁਰ ਖਰਚ ਹੁੰਦੇ ਹਨ, ਤਦ ਬੀ ਸਰੀਰਕ ਮੰਡਲ ਵਿਚ ਹੀ ਧਿਆਨ ਰਿਹਾ, ਬਾਕੀ ਪੌਣੇ ਤ੍ਰੈ ਪਹਿਰ ਹੱਸਣ, ਖੇਡਣ ਸੈਲ, ਤਮਾਸ਼ੇ, ਭਾਈਚਾਰੇ ਦੇ ਕੰਮਾਂ ਵਿਚ ਲੰਘ ਜਾਂਦੇ ਹਨ, ਉਹ ਬੀ ਸਰੀਰਕ ਮੰਡਲ ਵਿਚ ਧਿਆਨ ਨੂੰ ਰਖਦੇ ਹਨ, ਸੋ ਅੱਠੇ ਪਹਿਰ ਸਰੀਰਕ ਮੰਡਲ ਵੱਲ ਰੁਖ ਰਖਿਆਂ ਬੀਤੇ, ਹੁਣ ਧਿਆਨ ਮਾਨਸਕ ਮੰਡਲ ਵਿਚ ਜਾਵੇ ਕੀਕੂੰ ਤੇ ਕਿਹੜੇ ਵੇਲੇ ? ਭਾਵੇਂ ਕੋਈ ਪੜ੍ਹਿਆ ਹੈ ਭਾਵੇਂ ਨਹੀਂ, ਅੱਠੇ ਪਹਿਰ ਉਸਦਾ ਧਿਆਨ ਸਰੀਰਕ ਮੰਡਲ ਵਿਚ ਹੈ। ਸੋ ਸਿਧਾਂਤ ਇਹ ਹੈ ਕਿ ਸਰੀਰਕ ਮੰਡਲ ਵਿਚ ਲੱਗ ਰਹੇ ਧਿਆਨ ਨੂੰ ਕਿਸੇ ਸਰੀਰਕ ਕ੍ਰਿਆ ਨਾਲ ਹੀ ਚੁੱਕੀਦਾ ਹੈ,ਉਹ ਹੈ'ਰਸਨਾ ਨਾਲ ਨਾਮ ਦਾ ਜਪਣਾ, ਜਿਸ ਨਾਲ ਧਿਆਨ; ਨਾਮੀ ਦੇ ਖਿਆਲ, ਉਸ ਦੀ ਸਿਫ਼ਤ ਸਲਾਹ ਤੇ ਸਰੂਪ ਵੱਲ ਜਾਂਦਾ ਹੈ ਤੇ ਸਹਿਜੇ ਸਹਿਜੇ ਬੇਮਲੂਮੇ ਇਸ ਅਭਿਆਸ ਨਾਲ ਇਹ ਧਿਆਨ ਮਾਨਸਕ ਮੰਡਲ ਵਿਚ ਟਿਕ ਜਾਂਦਾ ਹੈ।

ਬ੍ਰਾਹਮਣ–ਜੋਗ ਅਭਿਆਸ ਨਾਮ ਤੋਂ ਉੱਚਾ ਹੈ ?

ਗੁਰੂ ਜੀ–ਅਭਿਆਸ ਧਿਆਨ ਨੂੰ ਮਾਇਆ ਤੋਂ ਚੁੱਕ ਕੇ ਨਿਰੰਕਾਰ ਵਿਚ ਲੈ ਜਾਣ ਦੇ ਹੋਰ ਕਈ ਹਨ, ਪਰ ਉਹਨਾਂ ਨਾਲ ਜੀਵ ਏਕਾਂਤ ਵਾਸੀ ਹੋ ਜਾਂਦਾ ਹੈ। ਕਲਿਆਨ ਦੀ ਲੋੜ ਹਰ ਪ੍ਰਾਣੀ ਨੂੰ ਹੈ, ਜੇ ਹਰ ਪ੍ਰਾਣੀ ਏਕਾਂਤ ਵਾਸੀ ਹੋ ਜਾਵੇ ਤਾਂ ਕੁਛ ਸਮੇਂ ਵਿਚ ਜਗਤ ਸਮਾਪਤੀ ਹੋ ਜਾਵੇ। ਜੇ ਜਗਤ ਸਮਾਪਤੀ ਹੋ ਜਾਏ ਤਾਂ ਇਕ ਗੱਲ ਹੈ, ਪਰੰਤੂ ਜੋ ਅੰਦਰਲੇ ਦੀ ਸਿਖਿਆ ਤੇ ਉੱਨਤੀ ਇਕ ਦੂਜੇ ਨਾਲ ਵਾਹ ਪੈਣ ਨਾਲ ਹੁੰਦੀ ਹੈ, ਉਹ ਰਹਿ ਜਾਂਦੀ ਹੈ ਤੇ ਏਕਾਂਤ

ਵਿਚ ਅੰਦਰਲਾ ਏਕਾਂਤ ਜੋਗੀ ਹੀ ਹੋ ਜਾਂਦਾ ਹੈ। ਐਉਂ ਜੇ ਸਾਰੇ ਬਨੀਂ ਜਾ ਬੈਠਨ ਤਾਂ ਰੋਟੀ ਸਾਰੇ ਕਿਥੋਂ ਖਾਣ, ਪਰ ਹੋ ਹੀ ਨਹੀਂ ਸਕਦਾ ਕਿ ਸਾਰੇ ਬਨ ਵੱਸ ਕੇ ਸਾਧਨ ਕਰਨ, ਬਨ ਵੱਸਕੇ ਸਾਰੇ ਭੁੱਖੇ ਹੋ ਕੇ ਹੀ ਮਰ ਜਾਣਗੇ। ਇਸ ਕਰਕੇ ਸਾਧਨ ਐਸਾ ਲੱਭੀਏ ਕਿ ਜੋ ਬੇਮਲੂਮੇ ਅਸਰ ਕਰੇ, ਦੁਨੀਆਂ ਦੇ ਕਾਰ ਵਿਹਾਰ ਟੁਰੇ ਰਹਿਣ। ਜੀਵ ਕਿਰਤ ਕਰਕੇ ਰੋਟੀ ਖਾਂਦਾ ਰਹੇ, ਪਰ ਅੰਦਰੋਂ ਧਿਆਨ ਮਾਇਆ ਤੇ ਸੰਸਾਰ ਤੋਂ ਉੱਚਾ ਹੁੰਦਾ ਜਾਵੇ ਅਤੇ ਵਾਹਿਗੁਰੂ ਵਲ ਰੁਖ਼ ਕਰਦਿਆਂ ਕਰਦਿਆਂ ਨਿਰੰਤਰ ਅੰਦਰੋਂ ਰੱਬ ਨਾਲ ਮੇਲ ਹੋ ਜਾਵੇ। ਫੇਰ ਅੰਦਰੋਂ ਸਾਈਂ ਨਾਲ ਮਿਲਿਆ ਰਹੇ ਤੇ ਹੱਥ ਨਾਲ ਕਾਰ ਬੀ ਕਰਦਾ ਰਹੇ। ਇਹੀ ਤਰੀਕਾ ਸਿਮਰਨ ਦਾ ਹੈ, ਜਿਸਨੂੰ ਅਸਾਂ 'ਨਾਮ' ਕਿਹਾ ਸੀ। ਅੰਦਰੋਂ ਮਿਲਿਆਂ ਰਹਿਣਾ ਕੋਈ ਮੁਰਦਾ ਮੇਲ ਨਹੀਂ, ਕੋਈ ਦੋ ਜੜ੍ਹ ਚੀਜ਼ਾਂ ਦਾ ਸੰਗਮ ਨਹੀਂ, ਪਰ ਉਹ ਮੇਲ ਜੀਵਨ ਹੈ, ਆਤਮ ਜੀਵਨ। ਕਿਉਂਕਿ ਉਹ 'ਜੀਵਨ ਤੱਤਾਂ' ਦਾ ਮੇਲ ਹੈ: ਅਸਲ ਜੀਵਨ ਹੀ ਉਹ ਹੈ। ਜਿਸ ਦੇ ਮਨ ਵਿਚ ਸਾਂਈਂ ਵੱਸਿਆ ਉਹ ਜੀਉਂਦਾ ਹੈ।

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥ [ਮਾਝ ਵਾਰ ਮ: ੧

ਜਿਸ ਦੇ ਅੰਦਰ ਨਹੀਂ ਵੱਸਿਆ ਉਹ ਮੁਰਦਾ ਹੈ। ਨਾਮ ਲਗਾਤਾਰ ਰੌ ਹੈ ਸਾਡੇ ਧਿਆਨ ਦੀ ਸਾਈਂ ਵੱਲ ਤੇ ਲਗਾਤਾਰ ਰੌ ਹੈ ਸਾਈਂ ਦੇ ਪਿਆਰ ਦੀ ਸਾਡੇ ਵੱਲ। ਉਹ ਇਕ ਜੀਵਨ ਹੁਲਾਰਾ ਹੈ:

ਬ੍ਰਹਾਮਣ–ਦੂਸਰੀ ਭੁੱਲ ਬੀ ਦੱਸੋ ਕ੍ਰਿਪਾ ਕਰਕੇ?

ਗੁਰੂ ਜੀ–ਦੂਸਰੀ ਭੁੱਲ ਇਹ ਹੈ ਕਿ ਜਦ ਤੁਸੀਂ ਨਾਮ ਜਪਦੇ ਹੋਏ ਨਹੀਂ ਵੇਖਦੇ ਕਿ ਧਿਆਨ ਮਾਇਆ ਮੰਡਲ ਤੋਂ ਉੱਠ ਕੇ ਮਾਨਸਕ ਤੇ ਆਤਮਕ ਮੰਡਲ ਵੱਲ ਜਾ ਰਿਹਾ ਹੈ ਕਿ ਨਹੀਂ; ਤੁਹਾਡੇ ਅੰਦਰ ਮਾਇਆ ਦੀ ਪ੍ਰਬਲਤਾ ਉਹੋ ਰਹਿੰਦੀ ਹੈ। ਕੋਈ ਰੁਮਕਾ ਰੱਬੀ ਨਹੀਂ ਫਿਰਦਾ, ਕਦੇ ਸਿਫ਼ਤ ਸਲਾਹ ਨਹੀਂ ਆਉਂਦੀ,

ਕਦੇ ਤੁਸੀਂ ਉਨਮਨ ਨਹੀਂ ਹੁੰਦੇ, ਕਦੇ ਚਾਉ ਵਿਚ ਨਹੀਂ ਆਉਂਦੇ ਕਦੇ ਭੈ ਵਿਚ ਨਹੀਂ ਜਾਂਦੇ, ਕਦੇ ਪਿਆਰ ਰੌ ਨਹੀਂ ਫਿਰਦੀ, ਕਦੇ ਵੈਰਾਗ ਦੀ ਰਮਜ਼ ਨਹੀਂ ਵਜਦੀ, ਕਦੇ ਵਲਵਲਾ ਨਹੀਂ ਉਠਦਾ, ਕਦੇ ਸ਼ੁਕਰ ਦਾ ਭਾਵ ਨਹੀਂ ਉਮਗਦਾ। ਫੇਰ ਤੁਸੀਂ ਲੱਗ ਕੇ ਜਪਦੇ ਵੀ ਨਹੀਂ, ਐਵੇਂ ਕਹਿ ਛੱਡਦੇ ਹੋ ਕਿ ਜਪਦੇ ਹਾਂ। ਬ੍ਰਾਹਮਣ ਰਾਜ! ਇਹ ਬੀ ਜ਼ਰੂਰੀ ਹੈ ਕਿ ਆਤਮਾ ਦਾ ਜਗਿਆਸੂ ਸਤਿਸੰਗ ਨੂੰ ਪ੍ਰਾਪਤ ਹੋਵੇ, ਅਰਥਾਤ ਨਾਮ ਜਪਣ ਵਾਲੇ ਜੀਉਂਦੇ ਦੀ ਸੁਹਬਤ ਕਰੇ। ਨਾਮੀ ਦਾ ਆਦਰਸ਼ ਅੰਦਰ ਲੈ ਕੇ ਨਾਮ ਜਪੇ ਤਾਂ ਫੇਰ ਜੀਉ ਉਠੇਗਾ, ਹਾਂ ਜਪਣਾ ਹੀ 'ਜਾਗ੍ਰਤ' ਨੂੰ ਲੈ ਆਏਗਾ*।

ਤੁਸੀਂ ਮੁੱਢ ਵਿਚ 'ਸਾਈਂ ਦਾ ਸਰੂਪ', 'ਮਿਲਾਪ ਦਾ ਪ੍ਰਯੋਜਨ' ਦਾ ਕੋਈ ਧਰੁਵਾ ਨਹੀਂ ਬੰਨ੍ਹਦੇ ਤੇ ਨਾ ਹੀ ਜਪਦੇ ਹੋਏ ਵੇਖਦੇ ਹੋ ਕਿ ਕੀ ਬਣ ਰਿਹਾ ਹੈ। ਜਦ ਨਾਮ ਕੋਈ ਜਪੇਗਾ ਜ਼ਰੂਰ ਨਾਮੀ ਅੰਦਰ ਆਵੇਗਾ ਤੇ ਮਨ ਉਨਮਨ ਹੋਵੇਗਾ।

ਬ੍ਰਾਹਮਣ—ਜੀ ਮੇਰੀ ਨਿਸ਼ਾ ਹੋਈ ਹੈ।

ਗੁਰੂ ਜੀ—ਹੁਣ ਤੁਸੀਂ ਧਰਮਸਾਲ ਬਣਾਓ, ਉੱਥੇ ਬੀ ਸਤਿਸੰਗ ਦਾ ਸਰੰਜਾਮ ਕਰੋ।

ਬ੍ਰਾਹਮਣ—ਸੱਤਿ ਬਚਨ, ਹੋਰ ਕੁਝ ਆਗਿਆ?

ਗੁਰੂ ਜੀ—ਹੋਰ, ਬਾਣੀ ਜੋ ਸਾਨੂੰ ਧੁਰੋਂ ਅਨੁਭਵ ਹੁੰਦੀ ਹੈ, ਤੁਸੀਂ ਲਿਖ ਲਓ, ਇਸ ਦਾ ਕੀਰਤਨ ਕਰਿਆ ਕਰੋ। ਬਾਣੀ ਦੇ ਕੀਰਤਨ ਨਾਲ ਮਨ ਸਿਫ਼ਤ ਸਲਾਹ ਦੇ ਘਰ ਜਾਵੇਗਾ।

ਜਿਸਨੋ ਬਖਸੇ ਸਿਫਤਿ ਸਾਲਾਹ। ਨਾਨਕ ਪਾਤਿਸਾਹੀ
ਪਾਤਿਸਾਹੁ ॥ [ਜਪੁਜੀ

ਯਾਦ ਰਖੋ! ਉਹ ਦਿਲ ਮੁਰਦਾ ਹੈ, ਜਿਸ ਵਿਚ ਸਿਫ਼ਤ ਸਲਾਹ

---

*ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥
[ਸਲੋਕ ਮ: ੫

ਦਾ ਰੁਮਕਾ ਨਹੀਂ ਫਿਰਦਾ। ਜ਼ਿਮੀਂ, ਅਸਮਾਨ, ਤਾਰੇ, ਚੰਦ, ਸੂਰਜ, ਪਾਣੀ, ਪੌਣ ਸਭ ਸਿਫ਼ਤ ਸਲਾਹ ਵਿਚ ਲੈ ਜਾਂਦੇ ਹਨ, ਜੇ ਇਹ ਨਾ ਲੈ ਜਾਣ ਤਦ ਮਨ ਮਰਿਆ ਜਾਣੋ। ਜੇ ਜੀਉਣਾ ਚਾਹੋ, ਤਦ ਬਾਣੀ ਦਾ ਕੀਰਤਨ ਕਰੋ, ਮੋਇਆ ਮਨ ਸਿਫ਼ਤ ਸਲਾਹ ਦੇ ਘਰ ਆ ਕੇ ਜੀਵੇ। ਬਾਣੀ ਮਨ ਵਿਚ ਨਾਮ ਦੀ ਮਹਿਮਾ ਦ੍ਰਿੜ ਕਰਦੀ ਹੈ, ਬਾਣੀ ਨਾਮ ਦੀ ਗੋਦ ਹੈ, ਬਾਣੀ ਤੋਂ ਨਾਮ ਵਿਚ, ਨਾਮ ਤੋਂ ਬਾਣੀ ਵਿਚ ਖੇਲਦੇ 'ਜਾਗੇ ਮਨ' ਅਨੰਦ ਲੈਂਦੇ ਹਨ। ਦੇਖ ਬ੍ਰਾਹਮਣ ਰਾਜ ! ਤੂੰ ਪੜ੍ਹਿਆ ਹੈਂ, ਪੜ੍ਹਿਆ ਹੁੱਜਤੀ ਬਹੁਤ ਹੁੰਦਾ ਹੈ, ਯਾਦ ਰੱਖ ਪਰਮੇਸ਼ਰ ਦੇ ਦੇਸ਼ ਗੱਲਾਂ ਤੇ ਹੁੱਜਤਾਂ ਨਾਲ ਨਹੀਂ ਜਾ ਹੁੰਦਾ। ਅਕਲ ਦੀਵਾ ਹੈ, ਚਾਨਣ ਹੈ, ਜੇ ਇਸ ਨੂੰ ਠੀਕ ਤਰ੍ਹਾਂ ਵਰਤੋਂ ਤਾਂ। ਇਸ ਨਾਲ ਸਾਹਿਬ ਦੀ ਸੇਵਾ ਕਰੀਦੀ ਹੈ। ਸਵੱਛ ਅਕਲ ਤੇ ਪ੍ਰਯੋਜਨ ਨੂੰ ਲੱਭਣ ਵਾਲੀ ਵਿਦਿਆ ਸਹਾਇਕ ਹਨ ਨਾਮ ਦੀਆਂ, ਹਾਂ, ਨਿਰੰਕਾਰ ਦੇ ਦੇਸ਼ ਨਾਮ ਅਭਿਆਸ ਦੀ ਕਰਨੀ ਨਾਲ ਜਾਈਦਾ ਹੈ। ਨਿਰੀ ਵਿਦਿਆ ਨਾਲ ਸਮਝ ਵਿੱਚ ਤਾਂ ਕੁਛ ਆ ਜਾਂਦਾ ਹੈ ਪਰ ਧਿਆਨ ਮਾਇਆ ਤੋਂ ਨਹੀਂ ਉੱਠਦਾ। ਮਾਇਆ ਤੋਂ ਮਨ ਦਾ ਧਿਆਨ ਨਾਮ ਨਾਲ ਉੱਠਦਾ ਹੈ, ਨਾਮ ਨੇ ਹੀ ਗਿਆਨ ਵਿਚ ਯਾ ਅਨੁਭਵ ਵਿਚ ਲੈ ਜਾਣਾ ਹੈ। ਸਾਰੀਆਂ ਨੇਕੀਆਂ ਤੇ ਸਾਧਨਾ ਦੀ ਸਫਲਤਾ ਅਨੁਭਵ ਵਿਚ ਹੈ। ਜਾਹੁ ਤੈਨੂੰ ਨਾਮ ਦੀ ਬਖਸ਼ਿਸ਼ ਹੋਈ, ਜਪੁ ਅਰ ਵੱਸ, ਉਨਮਨ ਹੋ ਅਰ ਦੇਖ ਕਿ ਨਿਰੰਕਾਰ ਦਾ ਪਿਆਰ ਕੀ ਹੈ।

ਇਹ ਕਹਿੰਦਿਆ ਗੁਰੂ ਬਾਬੇ ਦਾ ਹੱਥ ਬ੍ਰਾਹਮਣ ਦੇ ਸਿਰ ਤੇ ਪਿਆ :—

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ
ਕਢੀਆ ਬੁਰਿਆਈਆ ॥

ਬ੍ਰਾਹਮਣ ਦੇ ਸਿਰ ਨੂੰ ਚੱਕਰ ਆ ਕੇ 'ਕੜੱਕ' ਜਿਹੀ ਹੋਈ, ਮਾਨੋਂ ਕੋਈ ਛੋੜ ਕੱਟਿਆ ਗਿਆ। ਸਰੀਰ ਤੋਂ ਆਵਰਨ ਢਹਿ ਪਿਆ। ਜਾਗ ਆਈ, ਆਪ ਹਲਕਾ ਫੁੱਲ ਹੋ ਗਿਆ, ਸਰੀਰ ਦਾ

ਭਾਰ ਮਾਨੋਂ ਹੈ ਹੀ ਨਹੀਂ : ਅੱਖਾਂ ਵਿਚ ਸਰੂਰ ਭਰ ਗਿਆ। ਲੂੰ ਲੂੰ ਵਿਚੋਂ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਦੀ ਝਰਨਾਟ ਫਿਰ ਨਿਕਲੀ, ਮਨ ਆਪੇ ਤੋਂ ਉਚੇਰਾ ਹੋ ਕੇ 'ਦ੍ਰਿਸ਼ਟਾ ਰੰਗ' ਵਿਚ ਆ ਗਿਆ। ਤ੍ਰਾਟਕਾਂ ਨੇ ਮਾਇਆ ਲੀਨ ਕਰ ਕੇ ਪੱਟ ਛੱਡਿਆ ਸੀ, ਅੱਜ ਡਿੱਠਾ ਕਿ ਗੁਰੂ ਬਾਬਾ ਜਦ 'ਨਾਮ' ਆਖਦਾ ਹੈ, ਤਦੋਂ ਕੀ ਆਖਦਾ ਹੈ, ਸਮਝੀਦਾ ਨਹੀਂ ਪਰ ਐਉਂ ਬੁੱਝੀਦਾ ਹੈ ਤੇ ਪ੍ਰਤੀਤ ਕਰੀਦਾ ਹੈ। ਵਾਹ ਵਾਹ ਹੇ ਬ੍ਰਾਹਮਣ ਤੇਰੇ ਭਾਗ !

## ੩. ਹਜ਼ੂਰੀ ਦਾ ਪਾਠ।

(ਗੁਰੂ ਨਾਨਕ ਚਮਤਕਾਰ-'ਸੁਲਤਾਨ ਪੁਰੋਂ ਤਿਆਰੀਆਂ' ਪ੍ਰਸੰਗ ਵਿਚੋਂ ਸਫਾ ੧੦੧)

### ੳ. (ਹਜ਼ੂਰੀ ਵਿਚ ਪਾਠ ਕਰੋ)

ਇਹ ਪਹਿਲਾ ਦਿਨ ਸੀ ਕਿ ਗੁਰੂ ਜੀ ਨੇ ਦੈਵੀ ਆਗਜਾ ਤੋਂ ਮਗਰੋਂ ਆਪਣਾ ਮੂੰਹ ਖੋਲ੍ਹਿਆ। ਜੋ ਭੁੱਲ ਉਹਨਾਂ ਨੇ ਕਾਜ਼ੀ ਤੇ ਨਵਾਬ ਦੀ ਦੂਰ ਕੀਤੀ ਸੋ ਇਹ ਸੀ ਕਿ ਉਹ ਦੋਵੇਂ ਨਿਮਾਜ਼ ਪੜ੍ਹਦੇ ਤਾਂ ਸਨ, ਪਰ ਉਨ੍ਹਾਂ ਦਾ ਦਿਲ ਵਾਹਿਗੁਰੂ ਦੀ ਹਜ਼ੂਰੀ ਵਿਚ ਹਾਜ਼ਰ ਨਹੀਂ ਸੀ। ਨਿਮਾਜ਼ ਪੜ੍ਹਨੀ ਕਿ ਅਰਦਾਸ ਕਰਨੀ, ਪਾਠ ਕਰਨੇ, ਨਾਮ ਉਚਾਰਨਾ, ਧਿਆਨ ਜੋੜਨੇ ਕਿ ਤਾੜੀ ਲਾਉਣੀ, ਉਪਾਸਨਾ ਕਰਨੀ ਕਿ ਪੂਜਾ ਵਿਚ ਆਉਣਾ, ਕੀਰਤਨ ਕਰਨਾ ਕਿ ਸਿਫਤ ਸਲਾਹ ਵਿਚ ਜਾਣਾ, ਸਾਰੇ ਕੰਮ ਮਾਨੋਂ ਪਰਮੇਸੁਰ ਵੰਨੇ ਸਨਮੁਖ ਹੋ ਕੇ ਪ੍ਰੇਮ ਦੇ ਜਤਨ ਹਨ, ਪਰ ਇਹਨਾਂ ਦੀ ਬਾਹਰਲੀ ਸੂਰਤ ਤੇ ਕਰਤੱਬ ਰਹਿ ਜਾਂਦਾ ਹੈ, ਮਨ ਅਪਣੇ ਤਰੰਗਾਂ ਵਿਚ ਬੁੱਲੇ ਲੁੱਟਦਾ ਰਹਿੰਦਾ ਹੈ। ਹਾਂ ਇਹ ਕਰਨੀਆਂ ਸੂਰਤਵਾਨ ਰਹਿੰਦੀਆਂ ਹਨ, ਪਰ ਇਨ੍ਹਾਂ ਦੀ ਜਿੰਦ ਨਹੀਂ ਰਹਿੰਦੀ, ਇਸ ਲਈ ਵਾਹਿਗੁਰੂ ਦੀ ਕਿਰਤ ਵਾਹਿਗੁਰੂ ਦੇ ਹੁਕਮ ਵਿਚ ਜਦ ਗੁਰੂ ਬਾਬੇ ਨੇ ਆਰੰਭੀ ਤਾਂ ਪਹਿਲੀ ਮੱਤ ਇਹ ਦਿੱਤੀ ਕਿ :-

ਭਜਨ ਵਾਹਿਗੁਰੂ ਦੀ ਹਜ਼ੂਰੀ ਵਿਚ ਕਰੋ।

ਕਿਤਨੇ ਸਿਖ ਇਸ ਵੇਲੇ ਮਿਲਦੇ ਹਨ : ਜੋ ਬਾਣੀ ਪੜ੍ਹਦੇ ਹੀ ਨਹੀਂ, ਪਰ ਕਿਤਨੇ ਜੋ ਪੜ੍ਹਦੇ ਹਨ ਤੇ ਆਖਦੇ ਹਨ ਦਿਲ ਨਹੀਂ ਲਗਦਾ, ਸੁਆਦ ਨਹੀਂ ਆਉਂਦਾ, ਨਿਤਨੇਮ ਕਰੀਦਾ ਹੈ, ਸੁਖਮਨੀ ਦਾ ਪਾਠ ਬੀ ਰੋਜ਼ ਦੂਏ ਦਿਨ ਮੁਕਾ ਲਈਦਾ ਹੈ, ਕਦੇ ਵਾਧੂ ਪਾਠ ਜਪੁਜੀ ਦੇ ਬੀ ਕਰੀਦੇ ਹਨ, ਪਰ ਸੁਆਦ ਨਹੀਂ ਆਉਂਦਾ। ਹੁਣ ਜੇ ਗੁਰੂ ਬਾਬੇ ਦੀ ਬਾਣੀ ਵਿਚਾਰੋ, ਹਿਕੋ ਉਨ੍ਹਾਂ ਦੇ ਕਰਤਬਾਂ ਨੂੰ ਘੋਖੋ, ਤਾਂ ਇਹ ਖੇਚਲ ਦੂਰ ਹੋ ਜਾਵੇ। ਗੁਰੂ ਬਾਬੇ ਨੇ ਜੋ ਕੁਛ ਅੱਜ ਕਾਜ਼ੀ ਤੇ ਨਵਾਬ ਨੂੰ ਦੱਸਿਆ ਹੈ, ਉਹ ਸਾਰੇ ਜਗਤ ਨੂੰ ਦੱਸਿਆ ਹੈ, ਹਾਂ ਸਾਨੂੰ ਅੱਜ ਦੱਸਿਆ ਹੈ, ਜਿਸ ਦਿਨ ਅਸਾਂ ਇਹ ਸਾਖੀ ਪੜ੍ਹੀ ਹੈ। ਅਸੀਂ ਇਹ ਪੜ੍ਹਕੇ ਖੁਸ਼ੀ ਹੁੰਦੇ ਹਾਂ ਕਿ ਗੁਰੂ ਬਾਬੇ ਨੇ ਕਾਜ਼ੀ ਤੇ ਨਵਾਬ ਨੂੰ ਖੂਬ ਝਾੜ ਪਾਈ, ਜਾਂ ਇਹ ਕਿ ਧੰਨ ਧੰਨ ਬਾਬਾ ਜਿਸਨੇ ਅੰਤਰ-ਯਾਮਤਾ ਨਾਲ ਜਾਣ ਲਿਆ ਜੋ ਕਾਜ਼ੀ ਤੇ ਨਵਾਬ ਦੇ ਅੰਦਰ ਵਰਤੀ, ਪਰ ਤੀਜੀ ਗੱਲ ਛੱਡ ਦੇਂਦੇ ਹਾਂ ਕਿ ਗੁਰੂ ਬਾਬੇ ਦੀ ਇਹ ਸਾਖੀ ਅੱਜ ਸਾਡੇ ਨਾਲ ਹੋਈ ਹੈ, ਅਸੀਂ ਕਾਜ਼ੀ ਤੇ ਨਵਾਬ ਵਰਗੇ ਹੋ ਰਹੇ ਹਾਂ। ਸਾਨੂੰ ਗੁਰੂ ਬਾਬਾ ਕਹਿ ਰਿਹਾ ਹੈ ਕਿ ਭਈ ਨਿਤਨੇਮ ਕਰੋ, ਬਾਣੀ ਪੜ੍ਹੋ; ਪਰ ਰੱਬ ਦੀ ਹਜ਼ੂਰੀ ਵਿਚ। ਗ਼ੈਰ ਹਜ਼ੂਰੀ ਦੀ ਬਾਣੀ ਪੜ੍ਹਕੇ ਜੇ ਸੁਆਦ ਨਾ ਆਵੇ ਤਾਂ ਕਸੂਰ ਤੁਹਾਡਾ ਆਪਣਾ ਹੈ। ਜਦ ਬਾਣੀ ਪੜ੍ਹੋ, ਆਪਣੇ ਆਪ ਨੂੰ ਵਾਹਿਗੁਰੂ ਦੀ ਹਜ਼ੂਰੀ ਵਿਚ ਸਮਝੋ ਤੇ ਇਹ ਸਮਝੋ ਕਿ ਤੁਹਾਡੀ ਬਾਣੀ ਉਹ ਸੁਣ ਰਿਹਾ ਹੈ। ਹਾਂ, ਇਹ ਸਮਝ ਕੇ ਦਿਲ ਬਾਣੀ ਵਿਚ ਲਾਈਏ ਕਿ ਜੇ ਹੁਣ ਸਾਡਾ ਦਿਲ ਉੱਡੇਗਾ ਤੇ ਜੀਭ ਬਾਣੀ ਪੜ੍ਹੇਗੀ, ਤਦ ਜਿਸਦੀ ਹਜ਼ੂਰੀ ਵਿਚ ਬਾਣੀ ਪੜ੍ਹਦੇ ਹਾਂ ਓਹ ਕਿੰਞ ਖੁਸ਼ ਹੋਸੀ ? ਉਸ ਨਾਲ ਮਨ ਕਿਵੇਂ ਜੁੜਸੀ ?

ਮਨ ਜੁੜਸੀ ਉਨ੍ਹਾਂ ਸ਼ੈਆਂ ਨਾਲ ਕਿ ਜਿਨ੍ਹਾਂ ਦਾ ਮਨ ਚਿੰਤਨ ਕਰ ਰਿਹਾ ਹੈ ਤੇ ਉਨ੍ਹਾਂ ਦਾ ਹੀ ਅਸਰ ਪੈਸੀ। ਜੇ ਬਾਣੀ ਭਜਨ ਵੇਲੇ ਮਨ ਵਾਹਿਗੁਰੂ ਨਾਲ ਜੁੜੇਗਾ ਤਾਂ ਵਾਹਿਗੁਰੂ ਦੇ ਸਰੂਪ ਦਾ ਅਸਰ : ਸ਼ਾਂਤੀ, ਠੰਢ, ਸੁਖ, ਆਤਮ ਖੇੜਾ, ਆਤਮ ਰਸ ਲੈ ਕੇ ਆਵੇਗਾ, ਤੇ ਜੇ

ਹੋਰਨਾਂ ਸ਼ੈਆਂ ਨਾਲ ਜੁੜੇਗਾ ਤਾਂ ਉਹਨਾਂ ਦਾ ਅਸਰ ਲੈ ਲਏਗਾ। ਸੋ ਜੇ ਬਾਣੀ ਪੜ੍ਹਨ ਵੇਲੇ ਕਾਜ਼ੀ ਵਾਂਙੂ ਸੰਸਾਰਕ ਪਦਾਰਥਾਂ ਨਾਲ ਜੁੜੇਗਾ ਉਸ ਤੇ ਅਸਰ ਖਿੰਡਾਉ ਦਾ ਪਏਗਾ, ਤਾਂ ਤੇ ਵਿਚਾਰ ਕਰੋ ਤੇ ਸਮਝੋ ਕਿ ਅੱਜ ਗੁਰੂ ਨਾਨਕ ਆਖ ਰਿਹਾ ਹੈ 'ਹੇ ਮੇਰੇ ਸਿਖੋ ! ਹਜ਼ੂਰੀ ਦਾ ਭਜਨ, ਹਜ਼ੂਰੀ ਦਾ ਪਾਠ ਕਰੋ। ਮਨ ਧਾਂਵਦਾ ਹੈ, ਮਨ ਦੌੜਦਾ ਹੈ, ਇਸ ਦਾ ਸੁਭਾਅ ਇਹੋ ਹੈ, ਇਸ ਨੂੰ ਵਰਜ, ਮੋੜ, ਬਾਣੀ ਦੇ ਅਰਥ ਵਲ ਲਾ। ਵੇਖ ਬਾਣੀ ਕੀ ਕਹਿੰਦੀ ਹੈ, ਬਾਣੀ ਵਾਹਿਗੁਰੂ ਦਾ ਜਸ ਕਰਦੀ ਹੈ, ਫੇਰ ਜੁੜ ਵਾਹਿਗੁਰੂ ਦੇ ਚਰਨੀਂ; ਹਾਂ ਹਜ਼ੂਰੀ ਵਿਚ। ਨਾਮ ਵਾਲੇ ਬਾਣੀ ਦੇ ਪ੍ਰੇਮੀਆਂ ਦੀ ਸੰਗਤ ਕਰ, ਜੋ ਉਹ ਦੱਸਣ ਕਿ ਕਿੰਵ ਉਹਨਾਂ ਦਾ ਮਨ ਸਨੇ ਸਨੇ ਦੌੜਨਾ ਛੱਡਦਾ ਗਿਆ ਹੈ ਤੇ ਵਾਹਿਗੁਰੂ ਨਾਲ ਜੁੜਦਾ ਗਿਆ ਹੈ।

ਇਨ੍ਹਾਂ ਗੱਲਾਂ ਦਾ ਪੱਕ ਕਰ :-

੧. ਵਾਹਿਗੁਰੂ ਹੈ, ਜ਼ਰੂਰ ਹੈ।
੨. ਚਾਹੇ ਮੈਨੂੰ ਨਹੀਂ ਦਿੱਸਦਾ, ਕਿਉਂਕਿ ਮੇਰੇ ਆਤਮ ਨੈਣ ਅਜੇ ਖੁੱਲ੍ਹੇ ਨਹੀਂ।
੩. ਖੁਲ੍ਹਣ ਦਾ ਤਰੀਕਾ ਬਾਣੀ ਤੇ ਭਜਨ ਹੈ।
੪. ਮੈਂ ਪਾਠ ਕਰਾਂ, ਪਾਠ ਸੁਣਾਂ, ਕੀਰਤਨ ਕਰਾਂ, ਕੀਰਤਨ ਸੁਣਾਂ, ਭਜਨ ਵਿਚ, ਬੰਦਗੀ ਵਿਚ ਲੱਗਾਂ।
੫. ਪਾਠ, ਕੀਰਤਨ, ਭਜਨ, ਹਰ ਹਾਲ ਇਹ ਸਮਝਾਂ ਕਿ ਮੈਂ ਹਜ਼ੂਰੀ ਵਿਚ ਹਾਂ। "ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ" ਦੀ ਹਜ਼ੂਰੀ ਵਿਚ ਹਾਂ। ਉਹ ਮੇਰੀ ਅਰਦਾਸ ਸੁਣ ਰਿਹਾ ਹੈ, ਮੈਂ ਹੁਣ ਭੈ ਵਿਚ, ਪ੍ਰੇਮ ਵਿਚ, ਉਸਦੇ ਹਜ਼ੂਰ ਸਾਰਾ ਹਾਜ਼ਰ ਰਹਾਂ ਤੇ ਅਰਦਾਸ ਕਰਾਂ। ਜੇ ਮਨ ਉਡੇ ਤਾਂ ਰੋਕਾਂ। ਨਾ ਰੁਕੇ, ਫੇਰ ਰੋਕਾਂ, ਰੋਕਣ ਲਈ ਅਰਦਾਸ ਕਰਾਂ, ਗੁਰੂ ਬਾਬੇ ਨਾਨਕ ਅੱਗੇ ਅਰਦਾਸ ਕਰਾਂ ਕਿ "ਜਿਵੇਂ ਆਪ ਨੇ ਕਾਜ਼ੀ ਤੇ ਨਵਾਬ ਨੂੰ ਹਜ਼ੂਰੀ ਦਾਨ ਕੀਤੀ

ਮੈਨੂੰ ਬੀ ਹਜ਼ੂਰੀ ਦਾਨ ਕਰੋ। ਤੁਸੀਂ ਸਦਾ ਜੀਉਂਦੇ ਹੋ,ਦੇਹੀ ਵਿਚ ਕਿ ਦੇਹੀ ਤੋਂ ਬਾਹਰ ਤੁਸੀਂ ਸਾਡੇ ਨਾਲ ਹੋ, ਜਾਗਤੀ ਜੋਤ ਹੋ। ਜਿਵੇਂ ਉਦੋਂ ਤਰੁੱਠੇ ਸਾਓ ਅੱਜ ਮੇਰੇ ਤੇ ਤਰੁੱਠੋ, ਮੈਨੂੰ ਹਜ਼ੂਰੀ ਵਿਚ ਹਾਜ਼ਰ ਹੋ ਕੇ ਅਰਦਾਸ ਕਰਨੀ, ਬਾਣੀ ਪੜ੍ਹਨੀ, ਭਜਨ ਕਰਨਾ, ਦਾਨ ਕਰੋ। ਤੁਸੀਂ ਦਿਆਲ ਹੋ, ਦੀਨ ਦਿਆਲ ਹੋ, ਤੁਸੀਂ ਗੁਰੂ ਹੋ ਮੈਂ ਸਿੱਖ ਹਾਂ, ਚਾਹੇ ਨਾਮ ਧ੍ਰੀਕ ਸਿੱਖ ਹਾਂ ਪਰ ਗੁਰੂ ਬਾਬਾ! ਤੇਰਾ ਸਿੱਖ ਹਾਂ; ਮੈਨੂੰ ਆਪਣੇ ਨਾਮ ਦੇ ਸਦਕੇ ਹਜ਼ੂਰੀ ਦਾ ਪਾਠ, ਹਜ਼ੂਰੀ ਦੀ ਅਰਦਾਸ, ਹਜ਼ੂਰੀ ਦਾ ਭਜਨ ਦਾਨ ਕਰੋ।

ਜੇ ਮਨ ਅਜੇ ਭੀ ਲੁੱਤ ਘੁੱਤੀਆਂ ਮਾਰੇ ਤਦ ਬੰਦਗੀ ਵਾਲੇ ਗੁਰੂ ਪਿਆਰੇ ਗੁਰਸਿੱਖਾਂ ਅਗੇ ਆਪਣਾ ਦੁੱਖ ਕਹੋ ਕਿ ਮੇਰੇ ਗੁਰੂ ਦੇ ਪਿਆਰੇ ਜੀਉ! ਮੈਨੂੰ ਜਾਚ ਦੱਸੋ ਕਿ ਕਿਵੇਂ ਹਜ਼ੂਰੀ ਵਿਚ ਪਾਠ ਕਰਿਆ ਕਰਾਂ, ਭਜਨ ਅਰਦਾਸ ਵੇਲੇ ਮੈਂ ਗ਼ੈਰ ਹਜ਼ੂਰੀਆ ਨਾ ਹੋਵਾਂ,ਮੇਰੇ ਗ਼ੈਰ ਹਜ਼ੂਰੀ ਦੇ ਰੋਗ ਦਾ ਉਪਰਾਲਾ ਕਰੋ। ਤੁਸੀਂ ਮੇਰੇ ਲਈ ਅਰਦਾਸ ਕਰੋ, ਮੈਨੂੰ ਤਿਆਰ ਕਰੋ ਜਿਵੇਂ ਮੈਨੂੰ ਹਜ਼ੂਰੀ ਪ੍ਰਾਪਤ ਹੋਵੇ। ਇਸ ਤਰ੍ਹਾਂ ਸਤਿਸੰਗ ਦੀ ਮਦਦ ਲਓ।

ਆਪ ਜਤਨ ਲਾਓ, ਬਾਹਰ ਜਾਂਦਾ ਮਨ ਵਰਜੋ, ਇਸਨੂੰ ਹੋੜੋ, ਮੱਤ ਦਿਓਸੁ ਕਿ ਹੇ ਸਦਾ ਹਿੱਲਣੇ ਤੇ ਨਾ ਟਿਕਣੇ!ਹੁਣ ਮੈਂ ਸ਼ਹਿਨਸ਼ਾਹਾਂ ਦੇ ਸ਼ਾਹ, ਕੋਟ ਬ੍ਰਹਿਮੰਡਾਂ ਦੇ ਠਾਕੁਰ ਅੱਗੇ ਅਰਦਾਸ ਲੈ ਕੇ ਆਯਾ ਹਾਂ, ਹੁਣ ਸਾਰਾ ਢਹਿ ਪਉ ਉਸ ਦੀ ਸ਼ਰਨ, ਛੱਡ ਸੰਕਲਪ, ਵਿਕਲਪ, ਖਿਆਲ, ਆਸ, ਅੰਦੇਸੇ; ਏਹ ਉਡਾਰੀਆਂ ਤੇਰੀਆਂ ਆਪਣਾ ਘਾਤ ਹੈ। ਆ ਆਪਣੇ ਘਰ, ਏਹੜ ਤੇਹੜ ਛੱਡ ਕੇ ਇਕ ਹਜ਼ੂਰੀ ਦੇ ਘਰ ਆ ਕੇ ਅਰਦਾਸ ਕਰ ਜੋ ਰੱਬ ਸੁਣੇਂ ਤੇ ਤੇਰਾ ਭੈਜਲ ਤਾਰਿਆ ਜਾਵੇ।

ਇਸ ਤਰ੍ਹਾਂ ਤੇ ਜਿਸ ਤਰ੍ਹਾਂ ਬਨ ਪਵੇ, ਸਹਿਜੇ ਸਹਿਜੇ, ਭਾਵੇਂ ਛੇਤੀ, ਜਿਵੇਂ ਵਾਹਿਗੁਰੂ ਬਖਸ਼ੇ, ਹਜ਼ੂਰੀ ਦਾ ਸਬਕ ਪਕਾਓ। ਹਜ਼ੂਰੀ ਵਿਚ ਹੋ ਕੇ ਅਰਜ਼ਾਂ ਕਰੋ। ਸਦਾ ਪਾਠ ਵੇਲੇ ਸਮਝੋ ਕਿ ਵਾਹਿਗੁਰੂ 'ਹੈ'

ਵਾਹਿਗੁਰੂ ਮੇਰੇ ਹਾਜ਼ਰਾ ਹਜ਼ੂਰ ਮੇਰੀ ਅਰਜ਼ ਸੁਣ ਰਿਹਾ ਹੈ ਤੇ ਇਹ ਜੋ ਬਾਣੀ ਪੜ੍ਹਦਾ ਹਾਂ ਉਹ ਸੁਣਦਾ ਹੈ ਤੇ ਫਲ ਲਾਇਗਾ।

## ੪. ਨਾਮ ਸਿਮਰਨ, ਮਨ ਦੇ ਰੋਗਾਂ ਦਾ ਦਾਰੂ

[ਗੁਰੂ ਨਾਨਕ ਚਮਤਕਾਰ, 'ਸੀਹਾਂ ਉੱਪਲ' ਵਿਚੋਂ]

ਅਸੀਂ ਤੁਹਾਨੂੰ ਉਹ ਕੁਝ ਦਿੱਤਾ ਚਾਹੁੰਦੇ ਹਾਂ ਜਿਸ ਨਾਲ ਤੁਹਾਡਾ ਸੁਭਾਉ ਵੀ ਪਲਟੇ ਤੇ ਜਿਸ ਦੇ ਮਗਰ ਮਗਰ ਸਾਰੇ ਪਦਾਰਥ ਫਿਰਦੇ ਹੋਣ, ਉਹ ਵਸਤੂ 'ਨਾਮ ਹੈ'। ਤੁਸੀਂ ਭਾਈ ਸਤਿਸੰਗ ਕਰਿਆ ਕਰੋ ਤੇ 'ਵਾਹਿਗੁਰੂ' ਦਾ ਨਾਮ ਜਪਿਆ ਕਰੋ। ਇਹ ਜਾਪ ਸਿਮਰਨ ਹੋ ਜਾਇਗਾ, ਸਿਮਰਨ ਤੁਹਾਡੇ ਮਨ ਦੇ ਅੱਗੇ 'ਨਾਮੀ' ਦੀ ਯਾਦ– ਜਿਸ ਦਾ ਕਿ ਇਹ ਨਾਮ ਹੈ–ਬਣਾਈ ਰੱਖੇਗਾ। ਸੋ ਪਹਿਲਾਂ ਇਸ ਨਾਲ ਸੁਭਾਅ ਬਦਲਣਾ ਆਰੰਭ ਹੋਵੇਗਾ, ਉਹ ਐਉਂ ਕਿ ਅੰਦਰੋਂ ਮੰਦੇ ਸੰਕਲਪ ਘਟਣਗੇ ਕਿ ਜਦ ਤੁਸਾਨੂੰ ਹਰ ਵੇਲੇ ਪਰਮੇਸ਼ਰ ਯਾਦ ਰਹੇਗਾ ਤਾਂ ਮੰਦੇ ਸੰਕਲਪ ਅੰਦਰੋਂ ਆਪੇ ਘਟਦੇ ਘਟਦੇ ਦੂਰ ਹੋ ਜਾਣਗੇ। ਸਭ ਤੋਂ ਚੰਗਾ ਵਾਹਿਗੁਰੂ ਹੈ, ਉਸ ਚੰਗੇ ਦੀ ਯਾਦ ਅੰਦਰ ਚੰਗਿਆਈ ਭਰੇਗੀ ਤੇ ਮੰਦਿਆਈ ਤੋਂ ਵਰਜੇਗੀ। ਫੇਰ ਤੁਸੀਂ ਪ੍ਰਤੀਤ ਕਰੋਗੇ ਵਾਹਿਗੁਰੂ ਸਾਨੂੰ ਯਾਦ ਹੈ, ਉਹ ਸਾਡੇ ਨਾਲ ਹੈ, ਉਹ ਸਾਡੇ ਮਨ ਨੂੰ, ਕਰਮਾਂ ਨੂੰ ਦੇਖਦਾ ਹੈ*, ਐਉਂ ਤੁਸੀਂ ਪ੍ਰਤੀਤ ਕਰਦੇ ਕਰਦੇ ਇਸ ਪ੍ਰਤੀਤੀ ਵਿਚ ਆ ਜਾਓਗੇ ਕਿ ਅਸੀਂ ਉਸਦੀ ਹਜ਼ੂਰੀ ਵਿਚ ਵਸਦੇ ਹਾਂ। ਜੀਕੂੰ ਹੁਣ ਤੁਸੀਂ ਮੇਰੇ ਸਾਹਮਣੇ,ਮੇਰੀ ਹਜ਼ੂਰੀ ਵਿਚ,ਮਾੜਾ ਕਰਮ ਨਹੀਂ ਕਰੋਗੇ, ਤਿਵੇਂ ਤੁਸੀਂ ਕਰਤਾ ਪੁਰਖ ਦੀ ਹਜ਼ੂਰੀ ਵਿਚ ਆ ਕੇ ਫੇਰ ਕਰਮ ਕਰਨ ਲਗੇ ਮੰਦੇ ਕਰਮ ਵਲੋਂ ਰੁਕ ਜਾਇਆ ਕਰੋਗੇ। ਤੁਹਾਡਾ ਅੰਦਰਲਾ ਮਾੜਾਕਰਮ ਕਰਨ ਵੇਲੇ ਆਵਾਜ਼ ਦੇਵੇਗਾਕਿ ਭਾਈ ਤੈਨੂੰ ਕਰਤਾਰ ਵੇਖਦਾ ਹੈ, ਤੂੰ ਹਜ਼ੂਰੀ ਵਿਚ ਵਸਦਾ ਹੈਂ, ਤੂੰ ਨਹੀਂ ਮਾੜਾ ਕਰਮ ਕਰਨਾ, ਇਉਂ ਤੁਹਾਡਾ ਸੁਭਾਅ ਸੁਧਰਦਾ ਜਾਇਗਾ ਇਹ

*ਜੋ ਕਛੁ ਕਰੀ ਸੁ ਤੇਰੈ ਹਦੂਰਿ ॥ [ਸਿਰੀ ਰਾਗੁ ਮ: ੧

ਤੁਸੀਂ ਜਾਣਦੇ ਹੀ ਹੋ ਕਿ ਸਾਰੇ ਗੁਣਾਂ ਦਾ ਸਮੂਹ ਕਰਤਾਰ ਹੈ, ਉਸ ਦਾ ਚਿੰਤਨ ਸਾਡੇ ਅੰਦਰ ਨੂੰ ਉਸ ਦੇ ਗੁਣਾਂ ਦੀ ਪਾਹ ਲਾ ਕੇ ਸਵੱਛ ਕਰ ਦੇਵੇਗਾ* ।

ਭਾਈ, ਮਨੁਖ ਜੋ ਕੁਛ ਸੋਚਦਾ ਰਹੇ ਉਹੋ ਕੁਝ ਬਣ ਜਾਂਦਾ ਹੈ। ਜੋ ਕੁਛ ਤੁਸੀਂ ਵਿਚਾਰਦੇ ਸੋਚਦੇ ਰਹੋਗੇ ਉਸੇ ਦਾ ਰੂਪ ਹੋ ਜਾਓਗੇ। ਚੋਰ ਦਿਨ ਰਾਤ 'ਹਿਰਨੇ' ਦਾ ਸੰਕਲਪ ਸੋਚਦਾ ਹੈ, ਉਹ ਚੋਰ ਹੋ ਜਾਂਦਾ ਹੈ। ਇਸੀ ਤਰ੍ਹਾਂ ਜੋ ਸਾਰੇ ਗੁਣਾਂ ਦੇ ਸਰੂਪ ਮਹਾਨ ਸਵੱਛ, ਨਿਰਮਲ, ਪਿਆਰ ਪੁੰਜ ਕਰਤਾਰ ਦੀ ਸੋਚ ਵਿਚ ਰਹੇਗਾ ਉਸ ਵਿਚ ਕਰਤਾਰ ਦੇ ਗੁਣਾਂ ਦਾ ਵਾਸਾ ਹੋ ਜਾਏਗਾ। ਅੱਠੇ ਪਹਿਰ ਕਰਤਾਰ ਦੀ ਵਿਚਾਰ ਵਿਚ ਰਹਿਣ ਵਾਲਾ ਕਰਤਾਰ ਵਾਂਙੂ ਸ਼ੁਭ ਗੁਣਾਂ ਵਾਲਾ ਹੋ ਜਾਂਦਾ ਹੈ। ਐਉਂ ਕਰਦਿਆਂ, ਐਉਂ ਮਨ ਵਟੀਂਦਿਆਂ ਸੁਭਾਵ ਵਟ ਜਾਏਗਾ†। ਸੁਭਾਵ ਬਦਲੇ ਤੇ ਕਰਮ ਆਪੇ ਬਦਲ ਜਾਣੇ ਹੋਏ। ਜਦ ਕਰਤਾਰ ਦੇ ਚਿੰਤਨ ਨਾਲ ਸੁਭਾਵ ਤੇ ਕਰਮ ਬਦਲ ਗਏ ਤਦ ਧਰਮ ਆਪੇ ਮਿਲ ਗਿਆ‡। ਮਾੜੇ ਕਰਮਾਂ ਦਾ ਬਦਲਨਾ ਤੇ ਮਾੜੇ ਸੁਭਾਅ ਦਾ ਵਟੀਜਣਾ ਧਰਮ ਹੀ ਤਾਂ ਹੈ; ਇਉਂ ਮੋਖ ਬੀ ਮਿਲ ਗਈ, ਕਿਉਂਕਿ ਜੋ ਨਿਰਭਉ ਨੂੰ ਭਜਦਾ ਹੈ, ਉਹ ਨਿਰਭਉ ਹੋ ਜਾਂਦਾ ਹੈ। ਜੋ ਸਦਾ ਮੁਕਤਿ ਵਾਹਿਗੁਰੂ ਨੂੰ ਭਜਦਾ ਹੈ, ਉਹ ਮੁਕਤ ਹੋ ਜਾਂਦਾA ਹੈ। ਫਿਰ ਭਾਈ ਜਿਸ ਨੂੰ ਧਰਮ ਮਿਲ ਜਾਂਦਾ ਹੈ ਤੇ ਮੋਖ ਪਦ ਵਿੱਚ

---

*ਅਨਦਿਨੁ ਸੂਚੇ ਹਰਿ ਗੁਣ ਸੰਗਾ ॥ [ਆਸਾ ਮ: ੧

†ਲਾਗੀ ਮੈਲੁ ਮਿਟੈ ਸਚ ਨਾਇ ॥ [ਆਸਾ ਮ: ੧

‡ਕਰਮ ਧਰਮ ਸਚ ਸਾਚਾ ਨਾਉ ॥ [ਆਸਾ ਮ: ੧

Aਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥ ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥ ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ॥੨॥[ਵਾਰ ਮਾਰ ਮ: ੧

ਪੈਂਦਾ ਹੈ, ਉਸ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ। ਜਿਸ ਦੀ ਤ੍ਰਿਸ਼ਨਾ ਦੂਰ ਹੋ ਗਈ, ਉਸ ਨੂੰ ਕਾਮਨਾਂ ਦੁਖ ਨਹੀਂ ਦੇਂਦੀਆਂ ਤੇ ਪਦਾਰਥਾਂ ਦੀ ਲੋੜ ਤੇ ਵਾਂਛਾ ਬੇਚੈਨ ਨਹੀਂ ਕਰਦੀਆਂ। ਐਸੇ ਪੁਰਖ, ਜੋ ਕਰਤਾਰ ਉਹਨਾਂ ਨੂੰ ਦੇਵੇ, ਉਸੇ ਵਿਚ ਸੁਖੀ ਰਹਿੰਦੇ ਹਨ, ਅਰਥਾਤ ਸੰਤੋਖ ਰੂਪੀ ਧਨ ਉਹਨਾਂ ਨੂੰ ਕਦੇ ਥੁੜਨ ਨਹੀਂ ਦੇਂਦਾ। ਇਹ ਤਾਂ ਅੰਤਰ-ਆਤਮੇ ਅਰਥ ਤੇ ਕਾਮਨਾ ਦੀ ਪ੍ਰਾਪਤੀ ਹੋ ਜਾਂਦੀ ਹੈ। ਕੀਹ ? ਤ੍ਰਿਸ਼ਨਾ ਰਹਿਤ ਹੋ ਜਾਣਾ ਤੇ ਧਰਮ ਦੀ ਕਮਾਈ ਨਾਲ ਜੋ ਆਵੇ ਉਸ ਵਿਚ ਰਾਜ਼ੀ ਰਹਿਣਾ। ਦੂਸਰਾ ਵਰਤਾਰਾ ਇਸ ਪਾਸੇ ਟੁਰਿਆਂ ਇਹ ਦਿੱਸਦਾ ਹੈ ਕਿ ਜੋ ਤ੍ਰਿਸ਼ਨਾ ਤੋਂ ਭੱਜਦਾ ਹੈ, ਮਾਇਆ ਉਸ ਦੇ ਮਗਰ ਮਗਰ ਫਿਰਦੀ ਹੈ, ਸੋ ਨਾਮ ਵਾਲਿਆਂ ਦੇ ਮਾਇਆ ਮਗਰ ਹੁੰਦੀ ਹੈ। ਨਿਸ਼ਚੇ ਜਾਣੋ, ਗਰੀਬੀ ਅਮੀਰੀ ਵੱਖਰੀ ਗੱਲ ਹੈ, ਪਰ ਨਾਮੀ ਪੁਰਖ ਥੁੜਕੇ ਕਦੇ ਨਹੀਂ ਬਹਿੰਦਾ, ਉਸ ਦੇ ਹਾਨ ਲਾਭ ਦਾ ਰਾਖਾ ਕਰਤਾਰ ਆਪ ਹੁੰਦਾ ਹੈ। ਕਰਤਾਰ ਚਾਹੁੰਦਾ ਹੈ ਤਾਂ ਅਮੀਰੀ ਦੇਂਦਾ ਹੈ, ਚਾਹੁੰਦਾ ਹੈ ਤਾਂ ਮਿਤ ਵਿਚ ਰੱਖਦਾ ਹੈ, ਪਰ ਥੁੜਕੇ ਕਦੇ ਨਹੀਂ ਬਹਿਣ ਦੇਂਦਾ, ਮਾਇਆ ਤਾਂ ਕੀਹ, ਰਿੱਧੀਆਂ ਸਿੱਧੀਆਂ ਬੀ ਨਾਮ ਰਸ ਦੇ ਮਗਰੇ ਮਗਰ ਹਨ* ।

## ੫. ਵਾਹਿਗੁਰੂ ਨਾਮ ਦਾ ਮਰਮੀ ਅਰਥ

"ਜਿਥੋਂ ਤਕ ਮਨ ਦੀ, ਬਾਣੀ ਦੀ ਗੰਮਤਾ ਹੈ, ਉਥੋਂ ਤਾਂਈਂ ਦੀ ਸਮਝ ਆਦਮੀ ਵਰਣਨ ਕਰਦਾ ਹੈ ਅਰ ਉਹ ਸਾਰਾ ਮੰਡਲ ਦੇਸ਼ ਕਾਲ ਵਸਤੂ ਅਥਵਾ ਦੇਸ਼ ਕਾਲ ਨਮਿੱਤ ਦਾ ਹੈ। ਮਨ ਦਾ ਆਪਣਾ ਸ੍ਰੂਪ ਦੇਸ਼ ਕਾਲ ਨਮਿੱਤ ਵਾਲਾ ਹੈ, ਇਸ ਤੋਂ ਪਰੇ ਇਸਦੀ ਸਮਝ ਲੜ ਹੀ ਨਹੀਂ ਸਕਦੀ। ਪਰ ਕਦੇ ਕੋਈ ਅਤਿ ਸੁੰਦਰ ਝਲਕੇ ਹੇਠਾਂ ਯਾ ਕਿਸੇ

---

*ਜਿਨਿ ਏਹੁ ਚਾਖਿਆ ਰਾਮ ਰਸਾਇਣੁ ਤਿਨ ਕੀ ਸੰਗਤਿ ਖੋਜੁ ਭਇਆ ॥ ਰਿਧਿ ਸਿਧਿ ਬੁਧਿ ਗਿਆਨੁ ਗੁਰੂ ਤੇ ਪਾਇਆ ਮੁਕਤਿ ਪਦਾਰਥੁ ਸਰਣਿ ਪਇਆ ॥ [ਰਾਮ: ਮ: ੧

ਬੰਦਗੀ ਸਿਫ਼ਤ ਸਲਾਹ ਦੇ ਅਸਰ ਨਾਲ ਇਕ ਸੁਤੇ ਸਮਾਧੀ ਦੀ ਅਵਸਥਾ ਲੰਘਦੀ ਹੈ, ਜਿਸ ਵੇਲੇ ਕਿ ਮਨ ਹੁਰੀਂ ਮਾਨੋਂ ਉੱਕੇ ਖੜੋ ਜਾਂਦੇ ਯਾ ਉਰੇ ਰਹਿ ਜਾਂਦੇ ਹਨ। 'ਆਪਾ', ਜੋ ਮਨ ਤੋਂ ਪਰੇ ਮਨ ਦਾ ਪ੍ਰਕਾਸ਼ਕ ਹੈ ਤੇ ਇਸ ਤੋਂ ਮਾਨੋਂ ਅਲੱਗ ਹੈ, 'ਅਨੰਤ' ਨਾਲ ਜਾ ਛੁਹੰਦਾ ਹੈ; ਜਦੋਂ ਇਸ ਤੋਂ ਮੁੜ ਆਪਾ ਪਰਤਦਾ ਹੈ, ਅਰਥਾਤ ਮਨ ਤੇ ਬੁੱਧ ਆਪਣਾ ਕੰਮ ਫੇਰ ਆਰੰਭਦੇ ਹਨ ਤਾਂ ਮਨ ਓਥੇ ਨਾ ਜਾ ਸਕਣ ਕਰ ਕੇ ਦੱਸ ਨਹੀਂ ਸਕਦਾ ਕਿ ਓਥੇ ਕੀਹ ਸੀ, ਪਰ ਉਸਦੀ ਸੁੰਦਰਤਾ ਤੇ ਅੰਦਰ ਰਸ ਭਰੀ ਦਸ਼ਾ ਦਾ ਅਸਰ ਐਸਾ ਕੁਛ ਸੰਸਕਾਰ ਮਾਤ੍ਰ ਉਸਤੇ ਪਿਆ ਹੁੰਦਾ ਹੈ ਕਿ ਮਨ ਹੁਰੀਂ 'ਵਾਹਿ' 'ਵਾਹਿ' ਕਹਿ ਉਠਦੇ ਹਨ।ਮਾਨੋਂ ਜਦੋਂ ਉਸ ਦੇਸ਼ ਕਾਲ ਤੋਂ ਪਰੇ ਦਾ ਝਲਕਾ ਵੱਜਦਾ ਹੈ ਤਾਂ ਆਤਮਾ ਯਾਂ ਆਪਾ 'ਅਨੰਤ' ਦਾ ਰਸ ਅਨੁਭਵ ਕਰਦਾ ਹੈ, ਪਰ ਉਥਾਨ ਹੋ ਕੇ 'ਮਨ' ਉਸਦਾ ਪਤਾ 'ਵਾਹਿ' 'ਵਾਹਿ' ਉਚਾਰਨ ਤੋਂ ਸਿਵਾ ਕੁਛ ਨਹੀਂ ਦੱਸ ਸਕਦਾ।ਕਵੀ ਸੰਤੋਖ ਸਿੰਘ ਇਸ ਅਵਸਥਾ ਵਲ ਇਸ਼ਾਰਾ ਕਰ ਕੇ ਕਹਿੰਦੇ ਹਨ :–" 'ਵਾਹਿ' ਨਾਮ ਅਚਰਜ ਕੋ ਹੋਈ। ਅਚਰਜ ਤੇ ਪਰ ਉਕਤਿ ਨ ਕੋਈ। 'ਵਾਹਿ' ਨਾਮ ਉਸ ਅਸਚਰਜ ਦਾ ਹੈ ਕਿ ਜਿਸ ਤੋਂ ਪਰੇ ਬਾਣੀ ਜਾ ਨਹੀਂ ਸਕਦੀ। ਮਨ ਬਾਣੀ ਤੋਂ ਪਰੇ ਦੀ ਅਵਸਥਾ ਨੂੰ ਜਦ ਕੋਈ ਦਰਸ਼ਨ ਕਰਨਹਾਰਾ, ਰਸ ਮਾਣਨਹਾਰਾ, ਸੱਚੀਂ ਮੁੱਚੀਂ ਪਹੁੰਚਾ ਹੋਇਆ ਸਰੇਸ਼ਟ ਪੁਰਖ ਕਿਸੇ ਤਰ੍ਹਾਂ ਕੋਈ ਨਾਮ ਦੇਣਾ ਚਾਹੇ ਤਾਂ ਦੇ ਨਹੀਂ ਸਕਦਾ, ਕਿਉਂਕਿ ਮਨ ਬਾਣੀ ਦੀ ਪਹੁੰਚ ਹੀ ਨਹੀਂ ਜਿਥੇ ਉਥੋਂ ਦਾ ਉਹ ਨਾਮ ਪਤਾ ਕੀ ਦੇਵੇ ? ਹਾਂ ਉਸ ਯਥਾਰਥ ਦਾ ਪਤਾ ਦੇਖਣਹਾਰ 'ਵਾਹਿ' ਤੋਂ ਬਿਨਾ ਹੋਰ ਕੁਛ ਕਹਿ ਨਹੀਂ ਸਕਦਾ, ਸੋ 'ਵਾਹਿ' ਨਾਮ ਉਸ 'ਨਿਰਗੁਣ ਯਥਾਰਥ' ਦਾ ਹੈ, ਜਿੱਥੇ ਮਨ ਬਾਣੀ ਦੀ ਪਹੁੰਚ ਨਹੀਂ ਤੇ ਇਹ 'ਵਾਹਿ' ਉਸਦਾ ਕਲਪਨਾ ਮਾਤ੍ਰ ਨਾਮ ਨਹੀਂ; ਪਰ ਆਤਮਾ ਦੇ ਮਿਲਾਪ ਪ੍ਰਾਪਤੀ ਦਾ ਉਹ ਅਵਾਜ਼ਾ ਹੈ ਕਿ ਜਿਸ ਤੋਂ ਅੱਗੇ ਮਨ ਬਾਣੀ ਦੀ ਗੰਮਤਾ ਹੈ ਨਹੀਂ।

ਉਸ ਨੂੰ 'ਵਾਹਿ' ਹੀ ਕਹਿਣਾ ਜੋਗ ਹੈ, ਜੋ ਨਾਮ ਬੀ ਹੈ, ਸਿਫ਼ਤ ਸਲਾਹ ਬੀ ਹੈ, ਉਸਦਾ ਯਸ਼ ਤੇ ਕੀਰਤਨ ਬੀ ਹੈ, ਅਰਥਾਤ ਜੋ ਕੋਈ ਉਸ ਰੰਗ ਵਿਚ ਅੱਪੜਦਾ ਹੈ, ਉਸ ਬਾਬਤ ਆਵਾਜ਼ਾ ਇਹੋ ਦੇਂਦਾ ਹੈ। ਇਧਰ ਜੋ ਮਿਲਾਪ ਲਈ ਸਾਧਨ ਆਰੰਭ ਕਰਦਾ ਹੈ ਤੇ ਜਗਜਾਸੂ ਹੈ, ਉਹ ਬੀ ਇਸੇ ਨੂੰ ਜਪਦਾ ਹੈ, ਊਹ ਉਸ ਅਨੰਤ ਦੇ ਅੱਗੇ ਅਰਦਾਸ ਕਰਦਾ ਹੈ ਕਿ ਮੈਂ 'ਵਾਹਿ ਵਾਹਿ' ਕਰਦਿਆਂ ਉਸ ਟਿਕਾਣੇ ਅੱਪੜਨਾ ਹੈ ਜਿੱਥੇ ਮਨ ਨੇ ਲੀਨ ਹੋ ਜਾਣਾ ਹੈ, ਬਾਣੀ ਨੇ 'ਵਾਹਿ' ਕਹਿਕੇ ਮੁੱਕ ਜਾਣਾ ਹੈ, ਜਿਸ ਦੇ ਅਨੁਭਵ ਰਸਲੀਨਤਾ ਮਗਰੋਂ ਉਥਾਨ ਹੋ ਕੇ ਮੈਂ ਰਸ ਭਰੇ ਸਰੂਰ ਵਿਚ ਕੁਛ ਕਹਿ ਨਹੀਂ ਸਕਣਾ, ਪਰ ਜੇ ਕੁਝ ਕਥਨ ਕਰ ਸਕਣਾ ਹੈ ਤਾਂ 'ਵਾਹਿ'।

ਅਗੇ ਦੱਸਦੇ ਹਨ " 'ਗੋ' ਤਮ ਨਾਮ ਅਗਜਾਨ ਅਨਿੱਤ। 'ਰੋ' ਪਰਕਾਸ਼ ਕਿਯੋ ਜਿਨ ਚਿੱਤ।" ਕਿ 'ਗੁ' ਨਾਮ ਹੈ ਅਨ੍ਹੇਰੇ ਦਾ, ਅਨ੍ਹੇਰਾ ਨਾਮ ਹੈ ਰੋਸ਼ਨੀ ਦੇ ਅਭਾਵ ਦਾ। ਰੋਸ਼ਨੀ ਦਾ ਅਭਾਵ ਦੋ ਪ੍ਰਕਾਰ ਦਾ ਹੈ: ਇਕ ਜੋ ਅੱਖਾਂ ਪਰ ਆਪ ਨੂੰ ਲਖਾਉਂਦਾ ਹੈ, ਦੂਸਰੇ ਜੋ ਚਿੱਤ ਪਰ ਆਪ ਨੂੰ ਲਖਾਉਂਦਾ ਹੈ। ਅੱਖਾਂ ਵਾਲੇ ਨੂੰ 'ਅਨ੍ਹੇਰਾ' ਜਾਂ 'ਅੰਧਕਾਰ' ਆਖਦੇ ਹਨ, ਚਿੱਤ ਵਾਲੇ ਨੂੰ 'ਅਗਜਾਨ' ਆਖਦੇ ਹਨ। ਸੋ ਕਵਿ ਜੀ ਦੱਸਦੇ ਹਨ ਕਿ 'ਗੁ' ਨਾਮ ਹੈ ਅਗਜਾਨ ਰੂਪੀ ਅਨ੍ਹੇਰੇ ਦਾ ਤੇ 'ਰੂ' ਨਾਮ ਹੈ ਉਸ ਪ੍ਰਕਾਸ਼ ਸਰੂਪ ਦਾ ਜੋ ਇਸ ਅਗਜਾਨ ਨੂੰ ਦੂਰ ਕਰ ਕੇ ਪ੍ਰਕਾਸ਼ ਕਰਦਾ ਹੈ। ਸੋ 'ਗੁਰੂ' ਪਦ ਉਸਦਾ ਵਾਚਕ ਹੈ ਜੋ ਪ੍ਰਕਾਸ਼ ਸਰੂਪ ਹੈ ਤੇ ਅਗਜਾਨ ਅੰਧਕਾਰ ਸਰੂਪ ਦਾ ਦੂਰ ਕਰਕੇ ਚਿੱਤ ਨੂੰ ਪ੍ਰਕਾਸ਼ਿਤ ਕਰ ਦੇਣ ਵਾਲਾ ਹੈ। ਅਭਜਾਸੀਆਂ ਦੇ ਤਜਰਬੇ ਵਿਚ ਆਈ ਇਕ ਅਮਲੀ ਗੱਲ ਇਹ ਬੀ ਹੈ ਕਿ ਜਿਸ ਕਿਸੇ ਨੇ ਸਾਂਈਂ ਦੇ ਰਸ ਵਿਚ ਲਿਵ ਪਾਈ ਹੈ, ਉਸਨੂੰ ਐਉਂ ਹੀ ਭਾਸਦਾ ਹੈ ਕਿ ਮੈਂ ਅੰਧਕਾਰ ਵਿਚ ਸਾਂ, ਮੈਨੂੰ ਇਕ ਜਾਗ੍ਰਤ ਆਈ ਹੈ, ਇਕ ਪ੍ਰਕਾਸ਼ ਆਯਾ ਹੈ, ਧੰਨ ਉਹ ਦਾਤਾ ਹੈ ਜਿਸ ਨੇ ਪ੍ਰਕਾਸ਼ ਦਿੱਤਾ ਹੈ। ਸੋ 'ਗੁਰੂ' ਦਾ ਅਰਥ ਹੈ 'ਅੰਧਕਾਰ ਤੋਂ ਪ੍ਰਕਾਸ਼

ਦੇਣ ਵਾਲਾ, ਪ੍ਰਕਾਸ਼ ਸ੍ਵਰੂਪ।'

ਪਹਿਲਾ 'ਵਾਹਿ' ਪਦ ਜਣਾਉਂਦਾ ਹੈ ਪਰਮੇਸ੍ਵਰ ਦੇ ਸ੍ਵਰੂਪ ਨੂੰ, ਜੋ ਅਗੰਮ ਹੈ। ਪਰ ਜਿਸਦੇ ਮਿਲਾਪ ਦਾ ਆਤਮਾ ਵਿਚ ਭਰਿਆ ਰਸ, ਮਨ ਵਿਚ ਪ੍ਰਤਿਬਿੰਬਤ ਹੋ ਕੇ ਉਸ ਤੋਂ 'ਵਾਹਿ' ਦੀ ਸਿਫ਼ਤ ਸਲਾਹ ਕਰਾਉਂਦਾ ਹੈ, ਤੇ ਮਨ ਬੁੱਧੀ ਦੇ ਧ੍ਯਾਨ ਮੰਡਲ ਕਹੋ ਯਾ ਚਿੱਤ ਮੰਡਲ ਕਹੋ ਉਸ ਵਿਚ ਉਸ ਦਾਤੇ ਦੇ ਸਰੂਪ ਦਾ 'ਅਮਲੀ ਤੇ ਤਜਰਬੇ ਵਿਚ ਆਯਾ ਸਰੂਪ' ਇਹੋ ਨਾਉਂ ਬੰਨ੍ਹਦਾ ਹੈ ਕਿ ਉਹ 'ਗੁਰੂ' ਹੈ, ਅਰਥਾਤ ਪ੍ਰਕਾਸ਼ ਦਾਤਾ ਪ੍ਰਕਾਸ਼ ਸਰੂਪ ਹੈ ਤੇ ਉਸਨੂੰ 'ਵਾਹਿ' ਕਹਿ ਕੇ ਹੀ ਆਰਾਧ ਤੇ ਸਲਾਹ ਸਕਦੇ ਹਾਂ। ਤਾਂ ਤੇ-ਵਾਹਿਗੁਰੂ= ਸ਼ਲਾਘਾ ਯੋਗ ਪ੍ਰਕਾਸ਼ ਦਾਤਾ-ਹੈ।

'ਸ੍ਵਰੂਪ ਪ੍ਰਾਪਤ ਸ੍ਰੀ ਗੁਰੂ ਨਾਨਕ ਦੇਵ ਜੀ' ਨੇ ਅਮਲੀ ਤੇ ਤਜਰਬੇ ਵਿਚ ਆ ਜਾਣ ਵਾਲਾ ਸਰੂਪ ਲਖਾਇਕ ਇਹ ਨਾਮ ਰਚਿਆ ਹੈ, ਜੋ ਜਗਜਾਸੂ ਇਸ ਦਾ ਸਿਮਰਨ ਕਰਨਗੇ ਉਹ ਉਸ ਅਵਸਥਾ ਨੂੰ ਪ੍ਰਾਪਤ ਹੋਣਗੇ ਕਿ ਜਿਸ ਦਾ ਇਹ ਲਖਾਇਕ ਹੈ। ਜੋ ਇਕ ਅਵਸਥਾ ਹੈ, ਨਹੀਂ ਉਹ ਅਵਸਥਾ ਤੋਂ ਬੀ ਪਰੇ ਹੈ, ਜਿਸਦਾ ਇਹ ਅਨੁਭਵ ਦੁਆਰੇ ਪ੍ਰਾਪਤ ਹੋਇਆ ਨਾਮ ਸਤਿਗੁਰ ਨੇ ਸਿਫ਼ਤ ਸਲਾਹ ਦੇ ਅਰਥਾਂ ਵਾਲਾ ਰਚਿਆ ਹੈ।

[ਸ੍ਰੀ ਗੁਰੂ ਨਾਨਕ ਪ੍ਰਕਾਸ਼ ਸੰਪਾਦਤ, ਪੰਨਾ ੯੪, ੯੫

'ਗੁਰ ਗਿਆਨ' ਪੁਸਤਕ ਦੇ ਪੰਨਾ ਅ. ੲ. ਸ. ਪਰ ਸੁਆਮੀ ਨਿਤਯਾਨੰਦ ਜੀ ਉਦਾਸੀਨ, ਜਿਨ੍ਹਾਂ ਦੀ ਆਯੂ ਉਸ ਪੁਸਤਕ ਦੇ ਰਚੇ ਜਾਣ ਵੇਲੇ ੧੩੫ ਬਰਸ ਦੀ ਦੱਸੀ ਗਈ ਸੀ, ਲਿਖਦੇ ਹਨ :-

(ਹਮ ਅਪਨੇ ਗੁਰੂ ਸ੍ਰੀ ਸੁਆਮੀ ਬ੍ਰਹਮਾਨੰਦ ਜੀ ਕੇ ਸਾਥ) ਵਿਚਰਤੇ ਤੀਰਥ ਯਾਤ੍ਰਾ ਕਰਕੇ ਪੰਜਾਬ ਮੇਂ ਆਏ, ਯਹਾਂ ਏਕ ਉਦਾਸੀਨ ਮਹਾਂ ਭਾਉ ਕੇ ਦਰਸ਼ਨ ਹੂਏ, ਵਿਚਾਰ ਚਰਚਾ ਮੇਂ ਦਿਨ ਬੀਤਨੇ ਲਗੇ, ਉਦਾਸੀ ਜੀ ਕਾ ਨਾਮ 'ਸ੍ਵਾਮੀ ਸਤਯਾਨੰਦ ਜੀ' ਥਾ,

ਇਨਹੋਂ ਨੇ ਗੁਰੂ ਘਰ ਕੀ ਰੀਤੀ ਔਰ ਨੀਤੀ ਕੁਛ ਐਸੇ ਢੰਗ ਮੇਂ ਸੁਨਾਈ ਕਿ ਸ੍ਰੀ ਸੁਆਮੀ ਬ੍ਰਹਮਾਨੰਦ ਜੀ ਮੁਗਧ ਹੋ ਗਏ। ਅੰਮ੍ਰਿਤਸਰ ਗੁਰ ਦਰਬਾਰ ਕੇ ਦਰਸ਼ਨ ਕਰ ਕੇ ਉਨ ਕੀ ਆਤਮਾ ਪਰ ਕੁਛ ਇਸ ਤਰ੍ਹਾਂ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ ਘਰ' ਕੇ ਹੀ ਹੋ ਗਏ। ਕੁਛ ਸਮਾਂ ਪੰਜਾਬ ਮੇਂ ਵਿਤੀਤ ਕੀਆ, ਫਿਰ ਹਰੀਦੁਆਰ ਚਲੇ ਗਏ। ਵਹਾਂ ਏਕ ਦਿਨ ਅੱਛੇ ਭਲੇ ਬੈਠੇ ਥੇ, ਉਨ ਕੀ ਆਂਖੇਂ ਡੁਬਡੁਬਾਤੀ ਦੇਖ ਕਰ ਮੈਨੇ ਕਾਰਨ ਪੂਛਾ। ਉਨਹੋਂ ਨੇ ਉਤਰ ਦੀਆ ਕਿ "ਆਯੂ ਭਰ ਰੇਤ ਛਾਨਾ ਕੀ, ਤਤ੍ਵ ਵਸਤੂ ਗੁਰੂ ਘਰ ਮੇਂ ਥੀ, ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ, ਤਬ ਕਲਯਾਨ ਹੋਗੀ" ਯੇਹ ਕਹਿ ਕੇ ਉਨ੍ਹੋਂ ਨੇ ਸਰੀਰ ਛੋੜ ਦੀਆ।

ਮੈਂ ਬੀ ਗੁਰੂ ਨਾਨਕ ਕੇ ਘਰ ਕੇ "ਵਾਹਿਗੁਰੂ" ਮੰਤ੍ਰ ਕਾ ਜਾਪ ਕਰਤਾ ਹੂੰ, ਯੋਗ ਸਾਧਨ ਯੋਗਾਚਾਰਯ ਕੇ ਪਾਸ ਬੈਠ ਕਰ ਕੀਏ; ਔਰ ਸ਼ਾਲਹਾ ਸਾਲ ਕੀਏ, ਜੋ ਆਨੰਦ ਔਰ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਬੀ ਨਹੀਂ ਮਿਲੀ।

ਗੁਰੂ ਕਾ ਮਾਰਗ ਪੂਰਨ ਹੈ, ਵਾਹਿਗੁਰੂ ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ। ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖ੍ਯਾ ਅੰਮ੍ਰਿਤ ਹੈ, ਗੁਰਬਾਨੀ ਸੇ ਬੜ੍ਹ ਕਰ ਕਲਯਾਣਕਾਰੀ ਕੋਈ ਔਰ ਬਾਨੀ ਨਹੀਂ।

ਯੋਗੀ ਜੀ ਨੇ ਆਂਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤੱਵ੍ਯ ਹੈ। "ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ ਜਪ ਮੇਂ ਸਹਿਜ ਮੇਂ ਹੋ ਜਾਤੀ ਹੈ ਵੋਹ ਔਰ ਕਠਨ ਸੇ ਕਠਨ ਸਾਧਨ ਕਰਨੇ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ, ਯਹ ਸਤ੍ਯ ਹੈ, ਪ੍ਰੀਖ੍ਯਾ ਕੀਆ ਹੂਆ ਸਤ੍ਯ ਹੈ, ਔਰ ਨਿਰਵਿਵਾਦ ਸੱਤ੍ਯ ਹੈ।"

ਮੇਰੀ ਅਵਸਥਾ ਪੁਸਤਕ ਲਿਖਨੇ ਲਿਖਾਨੇ ਕੀ ਨਹੀਂ ਹੈ। ਕੁਛ ਪ੍ਰੇਮੀ ਸਜਨੋਂ ਕੀ ਪ੍ਰੇਰਨਾ ਸੇ ਅਪਨੇ ਜੀਵਨ ਮੇਂ ਦੇਖੀ ਭਾਲੀ

ਬਾਤੋਂ ਭੇਟ ਹੈਂ।  ['ਅਮਰ ਲੇਖ' ਪੰਨਾ ੧੮, ੧੯.

# ੬. ਵਾਹਿਗੁਰੂ ਨਾਮ ਦੀ ਮਹੱਤਤਾ

['ਸੀਹਾਂ ਉਪਲ' ਪ੍ਰਸੰਗ ਵਿਚੋਂ]

ਜਿੱਥੇ ਸਾਡਾ ਮਨ ਤੇ ਬਾਣੀ ਨਹੀਂ ਜਾ ਸਕਦੇ, ਉਹ 'ਵਾਹ' ਸੀ। ਉਸ 'ਵਾਹ' ਤੋਂ ਸਾਰਾ ਜਗਤ ਹੋਇਆ ਹੈ। ਉਹ ਸਭ ਨੂੰ ਜਾਣਦਾ ਹੈ, ਦੇਖਦਾ ਹੈ। ਉਸ ਨੂੰ ਕੋਈ ਨਹੀਂ ਦੇਖਦਾ ਜਾਣਦਾ, ਹੋਇਆ ਜੋ ਅਚਰਜ। ਫਿਰ ਉਹ ਅਚਰਜ ਸਾਡੇ ਮਨ ਦੇ ਤਜਰਬੇ ਵਿਚ ਆ ਜਾਣ ਵਾਲਾ ਅਚਰਜ ਨਹੀਂ ਹੈ, ਇਹ ਅਚਰਜ ਤਾਂ ਪ੍ਰਕਾਸ਼ ਸਰੂਪ ਹੈ। ਇਹ ਹੈ 'ਗੁਰੂ' ਦਾ ਭਾਵ।

ਗੁਰੂ ਦਾ ਅਰਥ ਹੈ ਜਿਥੇ ਜਾ ਕੇ ਅਗਿਆਨ, ਜੜਤਾ ਆਦਿ ਸਾਰੇ ਅੰਧਕਾਰ ਦੂਰ ਹੋ ਜਾਣ। ਵਾਹਿਗੁਰੂ=ਸ਼ੁਧ ਪ੍ਰਕਾਸ਼ ਸਰੂਪ ਅਚਰਜ, ਵਾਹ ਵਾਹ। ਸੋ ਜਦੋਂ ਕਰਤਾਰ ਨੂੰ ਯਾਦ ਕਰੀਏ, ਉਸ ਦੇ ਗੁਣਾਂ ਦੇ ਸਰੂਪ ਦਾ ਖਿਆਲ ਕਰੀਏ ਕਿ ਉਹ ਅਜੋਨੀ ਤੇ ਅਕਾਲ ਹੈ, ਪਰ ਉਹ 'ਸਤਿ' ਹੈ, ਉਹ ਫੇਰ ਨੇਕੀ ਕੁੱਲ ਹੈ, ਨਿਰਗੁਣ ਹੁੰਦਾ ਹੋਇਆ ਸਾਰੇ ਗੁਣਾਂ ਦਾ ਨਿਧਾਨ ਹੈ; ਫਿਰ ਉਹ ਸਾਰੇ ਗੁਣਾਂ ਤੋਂ ਉਪਰ ਬੀ ਹੈ, ਨਿਰਗੁਣ ਬੀ ਹੈ; ਤਾਂ ਤੇ ਉਸ ਦਾ ਸਰੂਪ ਕੀਹ ਹੈ-ਹੋਂਦ, ਪ੍ਰਕਾਸ਼; ਇਸ ਲਈ ਵਾਹਿਗੁਰੂ ਸਭ ਤੋਂ ਸ੍ਰੇਸ਼ਟ ਨਾਮ ਹੈ ਤੇ ਅਸਲੀ ਅਗੰਮ ਸਰੂਪ ਤਕ ਲੈ ਜਾਂਦਾ ਹੈ, ਅਗੰਮ ਦਾ ਲਖਾਯਕ ਹੋਣ ਕਰ ਕੇ ਰੱਬ ਜੀ ਦੇ ਦਰ ਅਪੜਾ ਦੇਣ ਵਾਲਾ ਅਸਲੀ ਪਰਾ ਪੂਰਬਲਾ ਸੱਚਾ ਨਾਮ ਹੈ—ਵਾਹਿਗੁਰੂ। ਇਸ ਨਾਮ ਦੇ ਜਪਣ ਨਾਲ ਨਾਮ ਆਰੰਭ ਕਰਦੇ ਹੀ ਹੁਲਾਰਾ ਮਿਲਦਾ ਹੈ, 'ਵਾਹਿ' ਕਹੋ ਤਾਂ ਚਿੱਤ ਉਤਸਾਹ ਵਿਚ ਆਉਂਦਾ ਹੈ। ਇਹ ਉਚਾਰਨ ਬ੍ਰਿਤੀ ਨੂੰ ਹੁਲਾਰਾ ਦੇ ਕੇ, ਜਿਸ ਦਾ ਨਾਮ ਹੈ, ਉਸ ਵਿਚ ਲੈ ਜਾਂਦਾ ਹੈ। ਜਪਣ ਵਾਲਾ ਹੁਲਾਸ ਵਿਚ, ਖੇੜੇ ਵਿਚ ਤੇ ਪ੍ਰਕਾਸ਼ ਦੇ ਭਾਵ ਵਿਚ ਵਸਦਾ ਹੈ, ਫਿਰ ਇਹ ਮੁੱਢ ਤੋਂ ਹੀ ਪਰਮੇਸ਼ਰ ਦਾ, ਜੋ ਸਭ ਤੋਂ ਉਪਰ ਹੈ ਤੇ ਰੂਪ ਰੇਖ ਰੰਗ

ਤੋਂ ਨਿਆਰਾ ਅਗੰਮ ਤੇ ਅਗਾਧ ਹੈ, ਉਸ ਵਲ ਧ੍ਰਾਵਾ ਬੰਨ੍ਹ ਦੇਂਦਾ ਹੈ। ਅਭਿਆਸ ਕਰਦਿਆਂ ਜਿਥੇ ਮਨ ਬਾਣੀ ਨੇ ਮੁੱਕਣਾ ਹੈ ਉਥੇ ਜਗਿਆਸੂ ਨੂੰ ਜੋ ਪ੍ਰਾਪਤੀ ਹੋਣੀ ਹੈ, ਉਸ ਬਾਬਤ ਜੋ ਬਾਣੀ ਨੇ ਅਵਾਜ਼ਾ ਦੇਣਾ ਹੈ ਤਾਂ 'ਵਾਹ' ਤੇ ਜੋ ਉਸ ਅਗੰਮੀ ਰਸ ਵਿਚੋਂ ਪਰਤ ਕੇ ਮਨ ਬਾਣੀ ਨੇ ਕੁਛ ਕਹਿ ਸਕਣਾ ਹੈ ਤਾਂ 'ਵਾਹ'। ਤਾਂਤੇ ਭਾਈ! ਇਹ ਨਾਮ ਜਪੋ; ਜੋ ਜਪਦਿਆਂ ਮਨ ਉੱਚਾ ਹੋਵੇ, ਜਿਸ ਦੇ ਅਰਥ ਭਾਵ ਵਿਚ ਮਨ ਦਾ ਉੱਚਾ ਹੋਣਾ-ਮੌਜੂਦ ਹੈ, ਜਿਸ ਦੇ ਅਰਥ ਭਾਵ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਦਾ ਅਸਰ ਮਨ ਤੇ ਪਵੇ ਤੇ ਜਿਸ ਨੂੰ ਤੁਸੀਂ ਸਮਝੋ ਕਿ ਉਸਦਾ ਨਾਮ ਹੈ ਜੋ ਕਰਤਾਰ ਹੈ, ਪਾਲਣਹਾਰ ਹੈ, ਬਖ਼ਸ਼ਿੰਦ ਹੈ ਤੇ ਸਭ ਤੋਂ ਵੱਡਾ ਹੈ। ਸੋ ਭਾਈ! ਜੇ ਤੁਸੀਂ ਇਸ ਨਾਮ ਦਾ ਜਪ ਕਰੋ ਤਾਂ ਜਪ ਸਿਮਰਣ ਬਣ ਜਾਇਗਾ। ਸਿਮਰਨ ਕਿਸ ਦਾ ਹੋਵੇਗਾ? ਅਕਾਲ ਪੁਰਖ ਦਾ। ਇਸ ਤਰ੍ਹਾਂ ਦੇ ਸਿਮਰਨ ਦਾ ਫਲ ਕੀਹ ਹੋਊ? ਕਰਤਾਰ, ਜੋ ਮਨ ਬਾਣੀ ਤੋਂ ਪਰੇ ਹੈ, ਜੋ ਅਚਰਜ ਤੋਂ ਅਚਰਜ ਹੈ, ਜੋ ਪ੍ਰਕਾਸ਼ ਸਰੂਪ ਹੈ, ਜੋ ਫੇਰ ਸਾਰੇ ਗੁਣਾਂ ਦਾ ਸਾਗਰ ਹੈ, ਤੁਹਾਡੇ ਮਨ ਨੂੰ ਆਪਣੇ ਗੁਣਾਂ ਨਾਲ ਅਚਰਜ ਤੇ ਪ੍ਰਕਾਸ਼ ਸਰੂਪ ਨਿਰਗੁਣਤਾ ਦੇ ਭਾਵ ਨਾਲ ਭਰਦਾ ਜਾਇਗਾ। ਉਸ ਨੂੰ ਚਿੰਤਨ ਕਰਦਿਆਂ ਉਸ ਦੇ ਗੁਣਾਂ ਦੇ ਰੂਪ ਵਾਲੇ ਹੋ ਜਾਓਗੇ। ਕਿਸੇ ਹਨੇਰੇ ਵਿਚ ਨਹੀਂ ਸ਼ੁੱਧ ਪ੍ਰਕਾਸ਼ ਵਿਚ*। ਐਉਂ ਤੁਸੀਂ ਦੈਵੀ ਰੰਗ ਵਾਲੇ ਹੋ ਕੇ ਮੋਖ ਨੂੰ ਪ੍ਰਾਪਤ ਹੋਵੋਗੇ†। ਹੁਣ ਅਰਥ ਤੇ ਕਾਮ ਐਉਂ ਮਿਲੂ ਕਿ ਸਰਬ ਦਾ ਦਾਤਾ ਤੁਹਾਡਾ ਮਿੱਤ੍ਰ

---

*ਪੰਚਮ ਸਤਿਗੁਰੂ ਜੀ ਫ਼ੁਰਮਾਉਂਦੇ ਹਨ :—

ਹਲਤੁ ਪਲਤੁ ਹੋਇ ਦੋਵੈ ਸੁਹੇਲੇ ਅਚਰਜ ਪੁਰਖ ਧਿਆਉ॥

[ਰਾਮਕਲੀ ਮ: ੫

ਮਹਾਂ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮ ਸੁਨਿਓਰੀ॥

[ਆਸਾ ਮ: ੫

†ਜੀਵਨ ਮੁਕਤੁ ਮਨਿ ਨਾਮੁ ਵਸਾਏ॥ [ਆਸਾ ਮ: ੧ ਅਸ:

ਦੀ ਖਾਣ ਸੀਂਹੇ ਗਜਣ ਨੂੰ ਬਖਸ਼ੀ, ਤੁਹਾਨੂੰ ਵੀ ਬਖਸ਼ਦਾ ਹੈ, ਮਾਰ ਲਓ ਜੱਫਾ।

"ਚਤਰ ਪਦਾਰਥ ਨਾਮ ਅਧੀਨਾ, ਸਿਮਰਨ ਕਰੋ ਹੋਇ ਦੁਖ ਛੀਨਾ ॥"

[ਗੁ: ਨਾ: ਪ੍ਰ:

# ੭. ਗੁਰੂ ਦੱਸੀ ਨਿੱਤ ਕਾਰ ਦਾ ਅਸਰ

ਅੰਮ੍ਰਿਤ ਵੇਲੇ ਉੱਠ ਕੇ ਓਹ ਗੁਰੂ ਜੀ ਦੀ ਬਾਣੀ ਦਾ ਕੀਰਤਨ ਕਰਨ। ਚਾਰ ਪੰਜ ਸ਼ਬਦਾਂ ਦਾ ਕੀਰਤਨ ਕਰਕੇ ਫੇਰ ਨਾਮ ਦਾ ਅਭਿਆਸ ਕਰਨ। ਦਿਨ ਚੜ੍ਹੇ ਫਿਰ ਬਾਣੀ ਦਾ ਪਾਠ ਕਰਨ। ਕੀਰਤਨ ਨਾਲ ਮਨ ਛੇਤੀ ਜੁੜਦਾ ਹੈ, ਫੇਰ ਜਦ ਮਨ ਦਾ ਰੁਖ ਕੀਰਤਨ ਨਾਲ ਸੁਖ ਵਾਲਾ ਹੋ ਜਾਵੇ ਤਾਂ ਨਾਮ ਜਪਣ, ਜਦ ਦਿਹੁ ਚੜ੍ਹੇ ਤਾਂ ਦੇਖਣ ਜੋ ਮਨ ਨਰਮ ਹੋ ਰਿਹਾ ਹੈ। ਮੁੜ 'ਚੜ੍ਹੇ ਦਿਵਸ ਗੁਰਬਾਣੀ' ਦਾ ਪਾਠ ਕਰਨ, ਕੁਛ ਵਿਚਾਰ ਕਰਨ ਤਾਂ ਜੋ ਮਨ ਜ਼ਰਾ ਮਜ਼ਬੂਤ ਹੋ ਜਾਵੇ ਦਿਨ ਦੇ ਕਾਰਾਂ ਵਿਹਾਰਾਂ ਲਈ ਤੇ ਐਉਂ ਲਗੇ ਜਿਵੇਂ ਆਪਾ ਉੱਚਾ ਉੱਚਾ ਤੇ ਸੁਹਣਾ ਹੈ। ਇਸ ਉਚਿਆਈ ਦੇ ਭਾਵ ਵਿਚ ਜੋ ਅਭਿਆਸੀ ਵਿਹਾਰਾਂ ਵਿਚ ਜਾਵੇ ਤਾਂ ਜਗਤ ਦੀ ਮੈਲ ਮਨ ਤੇ ਘੱਟ ਪੈਂਦੀ ਹੈ। ਇਸ ਤਰ੍ਹਾਂ ਤਿਆਰ ਹੋ ਕੇ ਕੁਛ ਖਾ ਪੀ ਕੇ ਆਪਣੇ ਆਹਰ ਲਗ ਜਾਣ। ਆਹਰ ਵਿਚ ਇਉਂ ਲਗਣ ਕਿ ਜਿਸ ਵੇਲੇ ਹੱਟੀ ਤੇ ਗਾਹਕ ਆ ਗਿਆ ਉਸ ਨੂੰ ਮਾਲ ਦੇ ਦੇਣ ਤੇ ਰੁਪਏ ਲੈ ਲੈਣ। ਜਦ ਉਹ ਟੁਰ ਜਾਵੇ ਤਾਂ ਫੇਰ ਨਾਮ ਵਿਚ ਲਗ ਪੈਣ। ਜਦ ਫੇਰ ਗਾਹਕ ਆਵੇ ਤਾਂ ਵਣਜ ਕਰ ਲੈਣ, ਉਹ ਟੁਰ ਜਾਵੇ ਤਾਂ ਨਾਮ ਵਿਚ ਲਗ ਪੈਣ। ਇਉਂ ਕਰਦਿਆਂ ਉਨ੍ਹਾਂ ਦਾ ਅਭਿਆਸ ਬਹਿੰਦਿਆਂ ਉਠਦਿਆਂ ਤੇ ਸਾਸ ਗਿਰਾਸ ਨਾਮ ਜਪਣ ਦਾ ਟੁਰ ਪਿਆ। ਪਰ ਸਹਿਜ ਭਾ ਵਿਚ, ਹਠ ਕੋਈ ਨਾ, ਜ਼ੋਰ ਕੋਈ ਨਾ।

ਹੁਣ ਇਸ ਅਭ੍ਯਾਸ ਦਾ ਅਸਰ ਹੋਣਾ ਸ਼ੁਰੂ ਹੋਇਆ। ਪਹਿਲਾਂ ਤਾਂ ਅਸਰ ਹੋਇਆ ਕਿ ਵਿਹਾਰ ਸਾਫ਼ ਹੋ ਗਿਆ।... ਰਿਜ਼ਕ ਤਾਂ ਸਾਂਈਂ ਨੇ ਦੇਣਾ ਹੈ, ਆਪਣੇ ਝੂਠ ਕੁਸੱਤ ਦਾ ਤੇ ਝਗੜੇ ਦਾ ਕੀਹ ਲਾਭ ਹੈ।...ਸੋ ਪਰਮਾਰਥ ਦੀ ਇੱਕ ਮੰਜ਼ਲ ਤੈਅ ਹੋ ਗਈ, ਜੋ ਝੂਠ ਤੋਂ ਖਹਿੜਾ ਛੁਟ ਗਿਆ। ਹੁਣ ਮਨ ਹੋਰ ਸਾਫ਼ ਹੋਣ ਲੱਗ ਪਿਆ ਤੇ ਮੱਤ, ਹੋਰ ਉਜਲੀ ਹੋਣ ਲੱਗ ਪਈ। ਦਿਲ ਹਲਕਾ ਹਲਕਾ ਰਹਿਣ ਲੱਗ ਪਿਆ ਤੇ ਇਸ ਸੁਆਦ ਦੀ ਕਦਰ ਬੀ ਪੈਣ ਲੱਗ ਪਈ। ਹੁਣ ਜਦ ਝੂਠ ਨਾ ਰਿਹਾ, ਤਾਂ ਛਲ ਕਪਟ ਬੀ ਦੂਰ ਹੋ ਗਏ। ਅਸਲ ਗੱਲ ਇਹ ਹੈ ਕਿ ਅਭਿਆਸੀ ਨੂੰ ਨਾਮ ਪਹਿਲਾਂ 'ਸਚ' ਵਿਚ ਲੈ ਜਾਂਦਾ ਹੈ ਤੇ ਸਚ ਦੀ ਬਾਬਤ ਗੁਰੂ ਜੀ ਨੇ ਦਸਿਆ ਹੈ–

"ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।"

ਹੋਰ ਸਾਰੀਆਂ ਰੁਚੀਆਂ ਜੋ ਜੀਵ ਨੂੰ ਮਾੜੇ ਕਰਮਾਂ ਵਲ, ਪਾਪਾਂ ਵਲ ਲੈ ਜਾਂਦੀਆਂ ਹਨ, ਸੱਚ ਸਾਫ਼ ਕਰ ਦੇਂਦਾ ਹੈ। ਜਦ ਸਚ ਦੀ ਤਾਸੀਰ ਇਹ ਹੁੰਦੀ ਹੈ ਕਿ ਸਾਰੇ ਪਾਪਾਂ ਨੂੰ ਕੱਢ ਦੇਂਦਾ ਹੈ ਤਾਂ ਇਹ ਸਭ ਤੋਂ ਵੱਡਾ ਸ਼ੁਭ ਆਚਰਣ ਹੈ ਜੋ ਉੱਚ ਜੀਵਨ ਦੇ ਜਗਯਾਸੂ ਨੂੰ ਧਾਰਨ ਕਰਨਾ ਚਾਹੀਏ। ਇਸੇ ਕਰ ਕੇ ਦਾਤਾ ਜੀ ਨੇ ਫੁਰਮਾਇਆ ਸੀ–"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।" ਸਾਰੇ ਹੋਰ ਆਚਾਰ ਸੱਚ ਤੋਂ ਉਰੇ ਹਨ। ਸਾਰੇ ਆਚਾਰਾਂ ਦੇ ਸਿਰ ਆਚਾਰ ਸੱਚ ਹੈ। ਪਰ ਸੱਚ ਕੀਕੂੰ ਆਉਂਦਾ ਹੈ? ਨਾਮ ਅਭਿਆਸ ਨਾਲ, ਬਾਣੀ ਦੇ ਵੀਚਾਰ ਨਾਲ, ਸਤਿਸੰਗ ਨਾਲ। ਜੋ ਲੋਕ ਆਖਣ ਅਸੀਂ ਨਾਮ ਜਪਦੇ ਹਾਂ, ਗਲੇ ਮਾਲਾ ਵੀ ਪਾਈਆਂ ਹੋਣ ਤੇ ਨਾਲ ਝੂਠ ਦੇ ਪ੍ਰੇਮੀ ਬੀ ਹੋਣ, ਤਾਂ ਸਮਝ ਲਓ ਕਿ ਯਾ ਤਾਂ ਏਹ ਜਪਦੇ ਨਹੀਂ, ਐਵੇਂ ਗੱਲਾਂ ਮਾਰਦੇ ਹਨ, ਯਾ ਅਜੇ ਨਾਮ ਇਨ੍ਹਾਂ ਨੂੰ ਪੋਹਿਆ ਨਹੀਂ, ਮੈਲ ਦੇ ਕੱਟ ਅਜੇ ਇਨ੍ਹਾਂ ਦੇ ਮਨ ਤੇ ਬੜੇ ਹਨ।...

ਨਾਮ ਰੰਗ ਬੀ ਹੈ ਤੇ ਸਾਬਣ ਬੀ ਹੈ।...ਮਤਿ ਵਿਚੋਂ ਪਾਪਾਂ ਦੀ ਮੈਲ ਨਾਮ ਨਾਲ ਉਤਰਦੀ ਹੈ। "ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ

ਨਾਵੈ ਕੇ ਰੰਗਿ।" ਮਾਮੂਲੀ ਮੈਲ ਪਾਣੀ ਲਾਹ ਦੇਂਦਾ ਹੈ, ਕਰੜੀ ਮੈਲ ਸਾਬਣ। ਤਿਵੇਂ ਮਾਮੂਲੀ ਮੈਲ ਮਤਿ ਦੀ ਵਿਚਾਰ ਨਾਲ ਕੁਛ ਲਹਿ ਸਕਦੀ ਹੈ ਪਰ ਮਤਿ ਦੀ ਮੈਲ ਨਾਮ ਲਾਹੁੰਦਾ ਹੈ। ਮੈਲ ਲਾਹ ਕੇ ਨਾਮ ਹੀ ਮਨ ਤੇ ਮਤਿ ਨੂੰ ਰਬੀ ਰੰਗ ਚਾੜ੍ਹਦਾ ਹੈ।...ਸੋ ਨਾਮ ਨਾਲ ਹੀ ਸਚ ਆਉਂਦਾ ਹੈ, ਸਚ ਨਾਲ ਮਨ ਨਿਰਮਲ ਹੁੰਦਾ ਹੈ,ਫਿਰ ਨਾਮ ਨਾਲ ਹੀ ਮਨ ਸਾਂਈਂ ਨਾਲ ਜੁੜਦਾ ਹੈ, ਨਾਮ ਨਾਲ ਹੀ ਪਰਮ ਪਦ ਮਿਲਦਾ ਹੈ ਸੋ ਨਾਮ ਹੀ ਮੈਲ ਲਾਹੁੰਦਾ ਹੈ। ਨਾਮ ਹੀ ਰੰਗ ਰਸ ਦੇਂਦਾ ਹੈ। ("ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।" ਜਦ ਮੈਲ ਲਹਿ ਗਈ—ਨਾਮ ਫਿਰ ਅੰਮ੍ਰਿਤ ਵਾਂਙੂ ਰਸਦਾਤਾ ਹੋ ਜਾਂਦਾ ਹੈ—"ਅੰਮ੍ਰਿਤ ਨਾਮ ਰਿਦ ਮਾਹਿ ਸਮਾਇ" ॥) ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ ਸਚਿ ਰਹੇ ਸਮਾਇ ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥ ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥

[ਸਿਧ ਗੋਸਟਿ

ਅਰਥਾਤ—ਜਦ ਮੈਲ ਲਥੀ, ਅੰਦਰ "ਹੈ" ਦਾ ਭਾਵ ਟਿਕ ਗਿਆ, ਮਨ ਜੁੜ ਗਿਆ, ਤੇ ਸਾਂਈਂ ਨਾਲ ਜੁੜਿਆ ਤਾਂ ਮੋਖ ਹੋ ਗਈ। ਫਿਰ ਆਤਮ ਵਿਸ਼ੇਣੀ ਬੁੱਧੀ ਦਾ ਮਾਲਕ ਹੋ ਗਿਆ ਤੇ ਦਿੱਬ ਦ੍ਰਿਸ਼ਟੀ ਹੋ ਗਈ।...

ਸੱਚ ਜੋ ਨਾਮ ਨਾਲ ਅੰਦਰ ਪ੍ਰਵੇਸ਼ ਕਰਦਾ ਹੈ ਓਹ ਪਹਿਲਾਂ ਆਪਣੇ ਆਪ ਨੂੰ, ਝੂਠ ਨਾ ਬੋਲਣ ਵਿਚ ਪ੍ਰਗਟ ਕਰਦਾ ਹੈ। ਮਨ ਝੂਠ ਬੋਲਣੋਂ ਸੰਕੋਚ ਕਰਨ ਲਗ ਜਾਂਦਾ ਹੈ, ਫੇਰ ਮਨ ਸੱਚ ਕਹਿਣੀ ਵਿਚ ਆ ਜਾਂਦਾ ਹੈ, ਫਿਰ ਸੱਚ ਕਹਿਣੀ ਤੋਂ ਅਗੇਰੇ ਪ੍ਰਵੇਸ਼ ਕਰਦਾ ਹੈ, ਉਸਦਾ ਦਿਲ ਸੱਚਾ ਹੋ ਜਾਂਦਾ ਹੈ।..."ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ।"...ਸਚੀ ਮਤਿ ਸਤਿਗੁਰੂ ਦੀ ਉਤਮ ਲਗੇਗੀ ਤੇ ਉਸਦੇ ਅਮਲ ਸਚ ਵਾਲੇ ਹੋਣਗੇ ਅਰ ਓਹ ਅਮਲ ਆਪਣੇ ਆਪ ਨੂੰ ਕਰਨੀ ਵਿਚ ਪ੍ਰਗਟ ਕਰਨਗੇ। ਜੈਸਾ ਕਿ ਵਾਕ

ਹੈ–"ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥"

ਅਰਥਾਤ–ਸਚ ਦੀ ਤਾਸੀਰ ਮਨ ਨੂੰ ਨਿਰਮਲ ਕਰਕੇ ਟਿਕਾਉ ਵਿਚ ਰਖ ਕੇ ਉਸ ਦੇ ਅਮਲਾਂ ਵਿਚ ਦਇਆ ਦਾ ਵਾਸਾ ਕਰਾ ਦੇਵੇਗੀ। ਸਭ ਤੋਂ ਅਖ਼ੀਰ ਸੱਚ ਦਾ ਅਸਰ ਆਤਮਾ ਵਿਚ ਨਿਵਾਸ ਹੈ–"ਸਚੁ ਤਾ ਪਰੁ ਜਾਣੀਐ–ਜਾ ਆਤਮ ਤੀਰਥਿ ਕਰੇ ਨਿਵਾਸੁ।" ਆਤਮਾ ਰੂਪੀ ਤੀਰਥ ਤੇ ਟਿਕ ਜਾਣਾ ਸੱਚ ਹੈ...। ਸੋ ਝੂਠ ਬੋਲਣ ਦੇ ਬਚਾਉ ਤੋਂ ਟੁਰਕੇ ਆਤਮ ਤੀਰਥ ਦੇ ਨਿਵਾਸ ਤਕ ਸਾਰਾ ਸਚ ਹੈ। ਅੰਤ ਵਿਚ ਸਤਿਗੁਰੂ ਨੇ ਪ੍ਰਮਾਤਮਾ ਦਾ ਸਰੂਪ ਵੀ ਸਚ ਹੀ ਕਿਹਾ ਹੈ। "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ।"...

'ਨਾਮ' ਰਟਨ ਤੋਂ ਲੈ ਕੇ ਸਾਂਈਂ ਪੁਜਣ ਤਕ ਸਾਰਾ ਅੰਤਰ ਆਤਮੇ ਉਚ ਜੀਵਨ ਦੀ ਪ੍ਰਾਪਤੀ ਦਾ ਨਾਮ ਹੈ ਤੇ ਬਾਹਰ ਵਰਤਾਉ ਦਾ ਅਮਲ ਵਿਚ ਆਵਣਾ ਹੈ...। ਪਹਿਲਾਂ ਤਾਂ ਰਟਨ ਹੀ ਹੈ...। ਖਿਆਲ ਨੂੰ ਧਾਵਨ ਤੋਂ ਵਰਜਣਾ ਹੈ ਤੇ ਜਿਸ ਦਾ ਨਾਮ ਲੈ ਰਹੇ ਹੋ ਉਸ ਵਲ ਮੋੜ ਕੇ ਮਨ ਨੂੰ ਲਾਵਣਾ ਹੈ। ਐਉਂ ਰਟਨ ਕਹੋ ਯਾ ਜਪ ਕਹੋ, ਉਹ ਸਿਮਰਨ ਹੋ ਜਾਂਦਾ ਹੈ। ਸਾਂਈਂ ਹੈ, ਇਹ ਭਾਵ ਸਾਡੀ ਯਾਦ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਸਿਮਰਨ ਦਾ ਅਰਥ ਪਿਆਰ ਵਾਲੀ ਯਾਦ ਹੈ।

ਜਦ ਸਤਿਕਾਰ ਦਾ, ਉੱਚਤਾ ਦਾ, ਭਾਵ ਲੈ ਕੇ ਗੁਣਾਂ ਦੇ ਸਮੂਹ ਦਾ ਭਾਵ ਅੰਦਰ ਰਖੀਏ ਉਸਨੂੰ ਯਾਦ ਕਰੀਦਾ ਹੈ ਤਾਂ ਉਹ ਪਿਆਰ ਹੀ ਤਾਂ ਹੁੰਦਾ ਹੈ। ਸੋ ਯਾਦ ਕਰਨੇ ਨਾਲ ਪਿਆਰ ਵਿਚ ਪ੍ਰਵੇਸ਼ ਹੁੰਦਾ ਹੈ। ਐਉਂ ਸਿਮਰਨ ਕਰਦਿਆਂ ਨਾਮ ਨਾਮੀ ਦੇ ਪਹਿਲਾਂ "ਹੈ" ਭਾਵ ਵਿਚ ਲੈ ਜਾਂਦਾ ਹੈ, ਫੇਰ ਪ੍ਰੇਮ ਭਾਵ ਵਿਚ ਲੈ ਜਾਂਦਾ ਹੈ। ਨਾਮੀ ਪੁਰਖ ਦੇ ਅੰਦਰ "ਰਬ ਹੈ" ਇਕ ਲਗਾਤਾਰੀ ਭਾਵ ਦ੍ਰਿੜ੍ਹ ਹੋ ਜਾਂਦਾ ਹੈ। ਐਉਂ ਨਾਮ ਨਾਮੀ ਨਾਲ ਮੇਲ ਦਿੰਦਾ ਹੈ।

ਸੋ ਨਾਮ ਰਟਨ ਤੋਂ ਟੁਰ ਕੇ ਨਾਮੀ ਦੇ ਮਿਲਾਪ ਤਕ ਨਾਮ ਹੀ ਲੈ ਜਾਂਦਾ ਹੈ।

ਇਕ ਜੋ ਹੈ ਵਾਹਿਗੁਰੂ ਓਹ ਸੁਖ ਸਰੂਪ ਹੈ, ਓਹ ਰਸ ਸਰੂਪ ਹੈ। ਓਹ ਪ੍ਰੇਮ ਸਰੂਪ ਹੈ, ਓਹ ਦਾਤਾ ਹੈ, ਓਹ ਪਾਲਣਹਾਰ ਹੈ। ਸਦਾ ਥਿਰ ਹੈ, ਸਦਾ ਮੁਕਤ ਹੈ, ਸਦਾ ਅਨੰਦ ਹੈ। ਜਦ ਐਸੇ ਸੁਭ ਏਕੇ ਦਾ ਚਿੰਤਨ ਕਰੇਗਾ ਤਾਂ ਅੰਦਰੋਂ ਇਨ੍ਹਾਂ ਭਾਵਾਂ ਨਾਲ ਮਨ ਦੀ ਰਗੜ ਹੋਵੇਗੀ। ਸੋ ਸਾਡਾ ਮਨ ਏਕ ਚਿੰਤਨ ਨਾਲ ਉਸ ਸ਼ੁਭ ਗੁਣਾਂ, ਸ਼ੁਭ ਭਾਵਾਂ, ਸ਼ੁਭ ਸਰੂਪ ਨਾਲ ਲਗ ਲਗ ਕੇ ਸੁਖ ਦੀ ਛੋਹ ਲੈ ਲੈਕੇ ਸੁਖ ਸਰੂਪਾ ਹੋ ਜਾਏਗਾ "ਚੇਤਹਿ ਏਕੁ ਤਹੀ ਸੁਖੁ ਹੋਇ।" ਇਸ ਤੁਕ ਦੇ ਅਗੋਂ ਦਾਤਾ ਜੀ ਨੇ ਫੁਰਮਾਇਆ–"ਚਿਤਿ ਵਸੈ ਰਾਚੈ ਹਰਿ ਨਾਇ॥ ਮੁਕਤਿ ਭਇਆ ਪਤਿ ਸਿਉ ਘਰਿ ਜਾਇ।" ਏਸ ਸੁਭਾਗ ਏਕੇ ਦਾ ਏਕ ਚਿੰਤਨ ਕੀਕੂੰ ਅੰਦਰ ਵਸੇ ? ਹਰਿ ਦੇ ਨਾਮ ਦੇ ਜਪਣ ਨਾਲ। ਏਹ ਸੀ ਨਾਮ ਜੋ ਸ਼ੀਹੇਂ ਗਜਣ ਜਪਿਆ ਸੀ। ਪਹਿਲਾਂ ਉਨ੍ਹਾਂ ਦਾ ਵਿਹਾਰ ਸੁਧ ਹੋ ਗਿਆ, ਮਨ ਨਿਰਮਲ ਹੋ ਗਿਆ ਫਿਰ ਅੰਦਰ "ਹੈ" ਦਾ ਭਾਵ ਕਿ 'ਵਾਹਿਗੁਰੂ ਹੈ' ਬੱਝ ਗਿਆ, ਹੁਣ ਇਸ ਹੋਂਦ ਵਿਚ ਭਰੋਸਾ ਸਿਦਕ ਪਿਆਰ ਫੇਰੇ ਪਾਉਣ ਲੱਗ ਪਿਆ। ਬਾਣੀ ਦਾ ਪਾਠ ਵਿਚਾਰ ਕੀਰਤਨ ਕਰਦੇ ਹਨ। ਸੁਭਾਵ ਵਿਚ ਖਿਮਾ ਤੇ ਦਾਨ ਆ ਗਏ ਹਨ। ਉਹ ਜੁਗਤ ਕਿ ਮਨ ਨੂੰ ਉੱਚਾ ਸੁੱਚਾ ਭੀ ਕਰ ਲੈਣਾ ਤੇ ਖੇੜੇ ਵਿਚ ਵੀ ਰਖਣਾ–ਬਾਣੀ ਦੀ ਵੀਚਾਰ ਤੇ ਨਾਮ, ਸੇਵਾ ਤੇ ਸਤਿਸੰਗ। [ਗੁਰੂ ਨਾਨਕ ਚਮਤਕਾਰ 'ਸ਼ੀਹਾਂ ਉੱਪਲ' ਵਿਚੋਂ

## ੮. ਜਪ ਸਫਲਤਾ ਸਹਾਇਕ ਕੁਝ ਖਿਆਲ

੧. ਜਪ ਲਈ ਸਥਾਨ ਜਿਥੋਂ ਤਕ ਹੋ ਸਕੇ ਸ੍ਵੱਛ ਹੋਵੇ, ਤੇ ਜਿੰਨੀ ਏਕਾਂਤ ਮਿਲ ਸਕੇ ਪ੍ਰਾਪਤ ਕੀਤੀ ਜਾਵੇ।

੨. ਸਰੀਰ ਇਸ਼ਨਾਨ ਯਾ ਪੰਜ ਇਸ਼ਨਾਨੇ ਨਾਲ ਸ੍ਵੱਛ ਕੀਤਾ ਜਾਵੇ, ਪਰ ਜੇ ਸਰੀਰ ਝੱਲ ਸਕੇ ਤਾਂ।

ਨਾਮ ਸਿਮਰਨ—ਹਿਰਦੇ ਵਿਚ ਨਿਵਾਸ ਜਦ ਹੋ ਨਾਮ ਦਾ
ਸਿਮਰਣ ਇਸ ਨੂੰ 'ਰਾਜ'! ਤਦ ਫਿਰ ਆਖੀਏ।
ਫੁਰਨੇ ਮਨ ਦੇ ਆਣ ਇਸ ਨੂੰ ਰੋਕਦੇ
ਪਰ ਇਹ ਸਿਮਰਨ ਨਾਲ ਹੋਲੇ ਹੋਂਵਦੇ,
ਸਿਮਰਣ ਕਰਕੇ ਜ਼ੋਰ ਫੁਰਨਿਆਂ ਉੱਪਰੇ
ਹਾਵੀ ਜਾਵੇ ਹੋਇ ਤਰਲੇ ਲੈਂਦਿਆਂ।
ਮਨ ਵਿਚ ਇਦ੍ਹਾ ਨਿਵਾਸ ਪੱਕਾ ਹੋਂਵਦਾ।
ਇਹ ਹੈ 'ਮਨ ਦਾ ਨਾਮ' ਰਾਣੀ ਰਾਜ ਦੀ!

ਨਾਮ ਨਿਵਾਸ—ਜਿਉਂ ਜਿਉਂ ਧਰਕੇ ਭਾਵ ਪਿਆਰੇ ਰੱਬ ਦਾ,
ਨਾਮ ਸਿਮਰਦੇ ਜਾਉ, ਰਾਣੀ ਰਾਜ ਜੀ!
ਫੁਰਨਾ ਹੁੰਦਾ ਜਾਇ ਹੇਠਾਂ ਨਾਮ ਦੇ
ਨਾਮ ਸਿੰਜਰਦਾ ਜਾਇ ਡੂੰਘਾ ਅੰਦਰੇ;
ਸੰਸਕਾਰ ਜਿਸ ਥਾਉਂ ਰਹਿੰਦੇ ਅੰਦਰੇ
ਡੂੰਘਾ ਮਨ ਜਿਸ ਥਾਉਂ ਵਸਦਾ ਦੱਸਿਆ*
ਉਥੇ ਇਹਦਾ ਨਿਵਾਸ ਹੈ ਹੋ ਜਾਂਵਦਾ।

[ਰਾਣਾ ਸੂਰਤ ਸਿੰਘ ਪੰਨਾ ੨੦੮

—○—

*ਗੁਰੂ ਜੀ ਨੇ ਉਸ ਮਨ ਨੂੰ 'ਤਲ ਹੀਅਲ' ਆਖਿਆ ਹੈ।

---

## ਸੂਚਨਾ

ਏਹ ਸਾਰੇ ਗ੍ਰੰਥ ਜਿਨ੍ਹਾਂ ਵਿਚੋਂ ਇਸ ਪੁਸਤਕ ਵਿਚ ਲੇਖ ਲੈ ਕੇ ਵਰਤੇ ਗਏ ਹਨ ਤੇ ਹੋਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਸਾਰੇ ਗ੍ਰੰਥ ਇਸ ਪਤੇ ਤੋਂ ਮਿਲ ਸਕਦੇ ਹਨ:—

ਮੈਨੇਜਰ, ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ